ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 82 Monday, April 29th, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਟੋਰਾਂਟੋ ਨਗਰ ਕੀਰਤਨ ਸਫਲਤਾ ਨਾਲ ਸੰਪਨ

## ਕਈ ਸਿਆਸੀ ਲੀਡਰਾਂ ਦੀ ਗੈਰਹਾਜ਼ਰੀ ਰੜਕੀ



ਫੋਟੋ: ਕੰਵਲਜੀਤ ਕੰਵਲ

ਟੋਰਾਂਟੋ ਪੋਸਟ ਬਿਉਰੋ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਨੂੰ ਸਮ੍ਰਪਿਤ 320ਵਾਂ ਖਾਲਸਾ ਸਾਜਨਾ ਦਿਵਸ ਨਗਰ ਕੀਰਤਨ ਆਪਣੀ ਰਿਵਾਇਤੀ ਸ਼ਾਨੋ-ਸ਼ੌਕਤ ਨਾਲ ਕੱਲ ਸੰਪਨ ਹੋਇਆ। ਸਵੇਰੇ 9 ਵਜੇ ਤੋਂ ਬਾਅਦ ਦੁਪਿਹਰ ਸਾਢੇ ਬਾਰਾਂ ਵਜੇ ਦੇ ਕਰੀਬ ਤੱਕ ਬੈਟਰ ਲਿਵਿੰਗ ਸੈਂਟਰ ਵਿਖੇ ਦੀਵਾਨ ਸਜਾਏ ਗਏ ਜਿਸ ਵਿੱਚ ਵਿਸ਼ਵ ਭਰ ਤੋਂ ਆਏ ਰਾਗੀਆਂ, ਢਾਡੀਆਂ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਇਸਤੋਂ ਉਪਰੰਤ ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਦੀ ਰਵਾਨਗੀ ਹੋਈ ਜੋ ਲੇਕਸ਼ੋਰ ਬੂਲੇਵਾਰਡ ਤੋਂ ਹੁੰਦਾ ਹੋਇਆ ਯੌਰਕ ਸਟਰੀਟ ਤੋਂ ਯੂਨੀਵਰਸਿਟੀ ਐਵੇਨਿਊ ਦਾ ਰਸਤਾ ਤੈਅ ਕਰਦੇ ਹੋਏ ਸ਼ਾਮੀ ਟੋਰਾਂਟੋ ਸਿਟੀ ਹਾਲ ਪੁੱਜਾ ਜਿੱਥੇ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

ਉਂਟੇਰੀਓ ਸਿੱਖ ਐਂਡ ਗੁਰੁਦਆਰਾ ਕਾਊਂਸਲ ਵੱਲੋਂ ਆਯੋਜਿਤ ਇਸ ਨਗਰ ਕੀਰਤਨ ਦੌਰਾਨ ਕਈ ਦਿਲਚਸਪ ਫਲੋਟ ਵੇਖਣ ਨੂੰ ਮਿਲੇ ਜਿਹਨਾਂ ਵਿੱਚ ਸਿੱਖ ਹੈਰੀਟੇਜ ਮੰਥ ਨੂੰ ਸ੍ਰਮਪਿਤ ਫਲੋਟ, ਸਿੱਖ ਧਾਰਮਿਕ ਨਿਸ਼ਾਨੀਆਂ ਜਿਵੇਂ ਕਿ ਨਗਾਰੇ, ਸਿੱਖ ਸੰਕੀਰਤਨ ਨਾਲ ਸਬੰਧਿਤ ਸਾਜ਼ਾ ਸਾਰੰਗੀ, ਦਿਲਰੁਬਾ ਅਤੇ ਰਬਾਬ ਨੂੰ ਚਿੱਤਰਿਤ ਕਰਦੇ ਬਹੁਤ ਹੀ ਸੁੰਦਰ ਫਲੋਟ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਇਸ ਵਾਰ ਕੈਨੇਡਾ ਨਾਲ ਸਬੰਧਿਤ ਰਹੇ ਖਾੜਕੂਆਂ ਦੇ ਚਿੱਤਰਾਂ ਵਾਲਾ ਕੋਈ ਫਲੋਟ ਜਾਂ ਕੋਈ ਹੋਰ ਚਿੰਨ ਵਿਖਾਈ ਨਹੀਂ ਦਿੱਤੇ ਜਦੋਂ ਕਿ 1984 ਦੇ ਸਾਕੇ ਬਾਰੇ ਫਲੋਟ ਸ਼ਾਮਲ ਸੀ। ਨਗਰ ਕੀਰਤਨ ਦੇ ਨਾਲ ਚੱਲਣ ਵਾਲੀ ਸੰਗਤ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ ਥੋੜੀ ਘੱਟ ਰਹੀ। ਵੱਖ 2 ਅੰਦਾਜ਼ਿਆਂ ਮੁਤਾਬਕ ਕਿਸੇ ਵੀ ਵੇਲੇ 20 ਤੋਂ 25 ਕੁ ਹਜ਼ਾਰ ਦੀ ਗਿਣਤੀ ਵਿੱਚ ਸੰਗਤ ਨਗਰ ਕੀਰਤਨ ਦੀ ਯਾਤਰਾ ਵਿੱਚ ਸ਼ਾਮਲ ਰਹੀ ਜਦੋਂ ਕਿ ਇਸਦੇ ਆਖਰੀ ਮੁਕਾਮ ਪੁੱਜਣ ਉੱਤੇ 1 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਹਾਜ਼ਰੀ ਭਰੀ।

ਨਗਰ ਕੀਰਤਨ ਦੀ ਸਮੁੱਚੀ ਯਾਤਰਾ ਦੌਰਾਨ ਵੱਖ 2 ਥਾਵਾਂ ਉੱਤੇ ਸ਼ਰਧਾਲੂਆਂ ਵੱਲੋਂ ਚਾਹ ਪਾਣੀ, ਵੱਖੋ ਵੱਖਰੇ ਸਨੈਕਸ ਅਤੇ ਖਾਣੇ ਦੇ ਲੰਗਰ ਲਾਏ ਹੋਏ ਸਨ। ਬੇਸ਼ੱਕ ਇਸ ਸਾਲ ਨਗਰ ਕੀਰਤਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਨੂੰ ਸਮ੍ਰਪਿਤ ਸੀ ਪਰ ਉਹਨਾਂ ਦੇ ਜੀਵਨ ਕਾਲ ਜਾਂ ਸਿੱਖਿਆਵਾਂ ਨੂੰ ਮੂਰਤਮਾਨ ਕਰਦਾ ਕੋਈ ਫਲੋਟ ਜਾਂ ਕੋਈ ਹੋਰ ਜਾਣਕਾਰੀ ਵਿਖਾਈ ਨਹੀਂ ਦਿੱਤੀ। ਨਗਰ ਕੀਰਤਨ ਦੌਰਾਨ ਰਸਤੇ ਵਿੱਚ ਲਾਏ ਸਟਾਲਾਂ ਉੱਤੇ ਵੀ ਬਾਬਾ ਨਾਨਕ ਦੀ ਬਾਣੀ ਦਾ ਨਸ਼ਰ ਹੁੰਦਾ ਵਿਖਾਈ ਨਹੀਂ ਦਿੱਤਾ ਜਦੋਂ ਕਿ ਜ਼ਿਆਦਾਤਰ ਗੀਤ ਜਾਂ ਵਾਰਾਂ ਮੌਜੂਦਾ ਸਮੇਂ ਦੇ ਸਿੱਖ ਸੰਘਰਸ਼ ਬਾਰੇ ਹੀ ਸਨ। ...ਬਾਕੀ ਪੰਨਾ 6 'ਤੇ



ਫੋਟੋ: ਕੰਵਲਜੀਤ ਕੰਵਲ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto Business Trucking R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed


# ਹੜ੍ਹਾਂ ਦਾ ਸਾਹਮਣਾ ਕਰ ਰਹੀਆਂ ਕਮਿਊਨਿਟੀਜ਼ ਦੀ ਮਦਦ ਲਈ ਫੈਡਰਲ ਸਰਕਾਰ ਤਿਆਰ : ਟਰੂਡੋ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਹੜ੍ਹਾਂ ਦਾ ਸਾਹਮਣਾ ਕਰ ਰਹੀਆਂ ਕਮਿਊਨਿਟੀਜ਼ ਦੀ ਮਦਦ ਲਈ ਫੈਡਰਲ ਡਾਲਰ ਦੀ ਵਰਤੋਂ ਕਰਨ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਨਕਾਰ ਨਹੀਂ ਕੀਤਾ।

ਨਿਊ ਬਰੰਜ਼ਵਿੱਕ, ਕਿਊਬਿਕ ਤੇ ਓਨਟਾਰੀਓ ਵਿੱਚ ਆਏ ਹੜ੍ਹਾਂ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਘਰ ਛੱਡਣੇ ਪੈ ਰਹੇ ਹਨ। ਅਜੇ ਇਸ ਸਥਿਤੀ ਵਿੱਚ ਕੋਈ ਸੁਧਾਰ ਹੁੰਦਾ ਨਜ਼ਰ ਵੀ ਨਹੀਂ ਆ ਰਿਹਾ ਤੇ ਪਾਣੀ ਦਾ ਪੱਧਰ ਵਧੀ ਜਾਣ ਕਾਰਨ ਹੋਰ ਸੰਪਤੀ ਬਰਬਾਦ ਹੋਣ ਦਾ ਖਤਰਾ ਬਣਿਆ ਹੋਇਆ ਹੈ। ਮੰਗਲਵਾਰ ਤੱਕ ਓਟਵਾ ਰਿਵਰ ਦੇ ਵੀ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਜਾਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆ ਰਹੀ। ...ਬਾਕੀ ਪੰਨਾ 3 'ਤੇ




HSBA TAX SERVICES
Personal/Corporation Tax
Bookkeeping Services
Business/Corporation Registration
HST/WSIB/Payroll Tax
Tax Planning/Audits
Financial Statements
647-720-5278 Prabhjot Kaur
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਤੀਆਂ ਦਾ ਮੇਲਾ ਐਂਤਵਾਰ, 12 ਮਈ, 2019 ਨੂੰ, ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: ਸੁਖੀ ਨਿੱਝਰ (905) 799-0999

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Life / Disability / Critical Illness
Super Visa / Visitor / Travel / RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

# TOTAL HOME Windows & Doors
ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- •WINDOWS
- •FIBERGLASS DOORS
- •STEEL DOORS
- •SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!

DUNDAS·JAFINE

# HELP WANTED
ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


ਮੂੰਹੋ ਬੋਲਦੀ Kitchen and Washroom ਬਣਵਾਓ

# Pearson
Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਤੀਜੀ ਬੀਵੀ ਦੀ ਚੈਨਲ ਨੇ ਕਰੀ ਚਰਚਾ,
ਵਾਹਵਾ ਕੌੜ ਇਮਰਾਨ ਨੂੰ ਚੜ੍ਹੀ ਮੀਆਂ।
ਚੌਵੀ ਘੰਟੇ ਵੀ ਨਿਕਲਣ ਸੀ ਨਹੀਂ ਦਿੱਤੇ,
ਗਿੱਚੀ ਚੈਨਲ ਦੀ ਗਈ ਸੀ ਫੜੀ ਮੀਆਂ।
ਬਾਹਲੀ ਝਿੜਕ ਸੀ ਮਾਰੀ ਅਥਾਰਟੀ ਨੇ,
ਪੁੱਛਦੇ ਕਾਸ ਨੂੰ ਘੋਲੀ ਆ ਕੜ੍ਹੀ ਮੀਆਂ।
ਨਾ ਕੋਈ ਸੁਣੀ ਦਲੀਲ, ਅਪੀਲ ਨਹੀਓਂ,
ਕਾਫੀ ਰਕਮ ਹਰਜਾਨੇ ਦੀ ਜੜੀ ਮੀਆਂ।
ਪੁੱਛਿਆ ਕਿਸੇ ਨੇ ਟੁੱਟਾ ਕਾਨੂੰਨ ਕਿਹੜਾ,
ਪਿਆ ਤਾਰਨਾ ਜੀਹਦਾ ਈ ਮੁੱਲ ਮੀਆਂ।
ਕਿਹਾ ਕਿਸੇ ਨੇ, ਤਿੰਨਾਂ ਦੀ ਬਾਤ ਕੀਤੀ,
ਚੈਨਲ ਚੌਥੀ ਨੂੰ ਗਿਆ ਸੀ ਭੁੱਲ ਮੀਆਂ।

ਤੀਸ ਮਾਰ ਖਾਂ

# ਜੂਨ ਦੇ ਅੰਤ ਤੱਕ ਸ਼ੀਅਰ ਵੱਲੋਂ ਕਲਾਈਮੇਟ ਚੇਂਜ ਪਲੈਨ ਪੇਸ਼ ਕਰਨ ਦਾ ਵਾਅਦਾ



ਵਿਕਟੋਰੀਆਵਿੱਲੇ, ਕਿਊਬਿਕ, 28 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਉਹ ਗਰਮੀਆਂ ਦੀ ਸ਼ੁਰੂਆਤ ਤੱਕ ਆਪਣੀ ਪਾਰਟੀ ਦਾ ਕਲਾਈਮੇਟ ਚੇਂਜ ਪਲੈਨ ਪੇਸ਼ ਕਰ ਦੇਣਗੇ।

ਸ਼ਨਿੱਚਰਵਾਰ ਨੂੰ ਵਿਕਟੋਰੀਆਵਿੱਲੇ, ਕਿਊਬਿਕ ਵਿੱਚ ਆਪਣੇ ਸਮਰਥਕਾਂ ਨਾਲ ਗੱਲ ਕਰਦਿਆਂ ਸ਼ੀਅਰ ਨੇ ਜੂਨ ਵਿੱਚ ਪਾਰਲੀਆਮੈਂਟ ਸੈਸ਼ਨ ਖ਼ਤਮ ਹੋਣ ਤੱਕ ਇਸ ਯੋਜਨਾ ਦਾ ਖੁਲਾਸਾ ਕਰਨ ਦਾ ਵਾਅਦਾ ਕੀਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਇਸ ਪਲੈਨ ਬਾਰੇ ਬਹੁਤ ਘੱਟ ਜਾਣਕਾਰੀ ਹੀ ਦਿੱਤੀ। ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਵਾਤਾਵਰਣ ਸਬੰਧੀ ਯੋਜਨਾ 21ਵੀਂ ਸਦੀ ਦੀਆਂ ਵਾਤਾਵਰਣ ਸਬੰਧੀ ਚੁਣੌਤੀਆਂ ਨੂੰ ਮੁੱਖ ਰੱਖ ਕੇ ਬਣਾਈ ਜਾਵੇਗੀ।

ਇੱਕ ਇੰਟਰਵਿਊ ਵਿੱਚ ਸ਼ੀਅਰ ਨੇ ਆਖਿਆ ਕਿ ਇਹ ਯੋਜਨਾ ਵਿਅਕਤੀ ਵਿਸ਼ੇਸ਼ ਨੂੰ ਇਨਸੈਂਟਿਵਜ਼ ਦੇਣ ਉੱਤੇ ਕੇਂਦਰਿਤ ਹੋਵੇਗੀ ਤੇ ਸਵੱਛ ਊਰਜਾ ਸਬੰਧੀ ਕੈਨੇਡਾ ਦੀ ਲੀਡਰਸ਼ਿਪ ਦਰਜ ਕਰਾਵੇਗੀ। ਜ਼ਿਕਰਯੋਗ ਹੈ ਕਿ ਕਲਾਈਮੇਟ ਚੇਂਜ ਲਈ ਕੋਈ ਠੋਸ ਯੋਜਨਾ ਨਾ ਹੋਣ ਲਈ ਲਿਬਰਲ ਲੰਮੇਂ ਸਮੇਂ ਤੋਂ ਸ਼ੀਅਰ ਤੇ ਟੋਰੀਜ਼ ਦੀ ਨੁਕਤਾਚੀਨੀ ਕਰਦੇ ਆਏ ਹਨ। ਇਹ ਵੀ ਕਨਸੋਆਂ ਹਨ ਕਿ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਲਈ ਟਰੂਡੋ ਵਾਤਾਵਰਣ ਨੂੰ ਕੇਂਦਰੀ ਮੁੱਦਾ ਬਣਾ ਸਕਦੇ ਹਨ।

# ਹਾਂਗਕਾਂਗ ਦੇ ਲੋਕਾਂ ਵੱਲੋਂ ਨਵੇਂ ਹਵਾਲਗੀ ਕਾਨੂੰਨ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ




ਹਾਂਗਕਾਂਗ, 28 ਅਪਰੈਲ, (ਪੋਸਟ ਬਿਊਰੋ)- ਹਾਂਗਕਾਂਗ ਦੇ ਲੋਕਾਂ ਨੂੰ ਹਵਾਲਗੀ ਕਾਨੂੰਨ ਦਾ ਭਾਰੀ ਰੋਸ ਹੈ। ਲੋਕਾਂ ਨੂੰ ਇਸ ਕਾਨੂੰਨ ਨਾਲ ਆਪਣੀ ਆਜ਼ਾਦੀ ਖੁੱਸਣ ਦਾ ਡਰ ਸਤਾ ਰਿਹਾ ਹੈ। ਇਸ ਕਾਰਨ ਐਤਵਾਰ ਨੂੰ ਹਜ਼ਾਰਾਂ ਲੋਕਾਂ ਨੇ ਪਾਰਲੀਮੈਂਟ ਸਾਹਮਣੇ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿੱਚ ਇਸ ਕਾਨੂੰਨ ਦੇ ਵਿਰੁੱਧ ਨਾਅਰੇ ਲਾਏ ਗਏ।

ਵਰਨਣ ਯੋਗ ਹੈ ਕਿ ਇਸ ਨਵੇਂ ਹਵਾਲਗੀ ਕਾਨੂੰਨ ਨਾਲ ਹਾਂਗਕਾਂਗਦੇ ਰਹਿਣ ਵਾਲਿਆਂ ਨੂੰ ਚੀਨ ਦੇ ਹੋਰ ਹਿੱਸਿਆਂ ਵਿਚ ਜੇਲ੍ਹ ਵਿਚ ਭੇਜੇ ਜਾਣ ਦੀ ਰੋਕਹਟ ਜਾਵੇਗੀ। ਹਾਂਗਕਾਂਗ ਦੇ ਸਾਬਕਾ ਐੱਮ ਪੀ ਅਤੇ ਲੋਕਤੰਤਰ ਸਮੱਰਥਕ ਲਿਊਂਗ ਕਵੋਕ-ਹੰਗ ਨੇ ਕਿਹਾ ਕਿ ਇਹ ਕਾਨੂੰਨ ਪਾਸ ਹੋਣ ਪਿੱਛੋਂ ਲੋਕਾਂ ਨੂੰ ਚੀਨ ਦਾ ਸਖ਼ਤ ਕਾਨੂੰਨ ਭੁਗਤਣਾ ਪਵੇਗਾ। ਅਸਲ ਵਿੱਚ ਸਾਲ 1997 ਵਿਚ ਬ੍ਰਿਟੇਨ ਤੋਂ ਚੀਨ ਦੇ ਕੰਟਰੋਲਹੇਠ ਆਏ ਹਾਂਗਕਾਂਗ ਦੇ ਨਾਗਰਿਕਾਂ ਨੂੰ ਚੀਨ ਦੇ ਹੋਰ ਰਾਜਾਂਦੇ ਮੁਕਾਬਲੇ ਵੱਧ ਅਧਿਕਾਰ ਹਨ। ਬ੍ਰਿਟਿਸ਼ ਰਾਜ ਵਿਚ ਸ਼ਹਿਰ ਦੇ ਆਖਰੀ ਗਵਰਨਰ ਰਹੇ ਕ੍ਰਿਸ ਪੈਟਨ ਨੇ ਕਿਹਾ ਕਿ ਹਵਾਲਗੀ ਕਾਨੂੰਨ ਦਾ ਬਦਲਾਅ ਹਾਂਗਕਾਂਗ ਲਈ ਖ਼ਤਰੇ ਤੋਂ ਘੱਟ ਨਹੀਂ, ਪ੍ਰੰਤੂ ਹਾਂਗਕਾਂਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਕੈਰੀ ਲਾਮ ਤੇ ਹੋਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਵਾਲਗੀ ਕਾਨੂੰਨ ਦਾ ਬਦਲਾਅ ਇਸਦੇ ਨੁਕਸ ਦੂਰ ਕਰਨ ਲਈ ਕੀਤਾ ਜਾ ਰਿਹਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਜਿਨਾਹ ਬਾਰੇ ਸ਼ਤਰੂਘਨ ਸਿਨਹਾ ਦੇ ਬਿਆਨ ਤੋਂ ਵਿਵਾਦ ਭਖਿਆ

ਛਿੰਦਵਾੜਾ (ਮੱਧ ਪ੍ਰਦੇਸ਼), 28 ਅਪ੍ਰੈਲ (ਪੋਸਟ ਬਿਊਰੋ)- ਅਦਾਕਾਰੀ ਤੋਂ ਸਿਆਸਤ ਵਿੱਚ ਆਏ ਸ਼ਤਰੂਘਨ ਸਿਨਹਾ ਵੱਲੋਂ ਕੱਲ੍ਹ ਦਿੱਤੇ ਗਏ ਬਿਆਨ, ਕਿ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਨੇ ਭਾਰਤ ਦੀ ਆਜ਼ਾਦੀ ਤੇ ਇਸ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਨਾਲ ਨਵਾਂ ਵਿਵਾਦ ਭਖ ਗਿਆ ਹੈ।

ਵਰਨਣ ਯੋਗ ਹੈ ਕਿ ਸੌਸਰ ਵਿੱਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਦੇ ਪੁੱਤਰ ਨਕੁਲ ਨਾਥ ਦੇ ਹੱਕ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਤਰੂਘਨ ਸਿਨਹਾ ਨੇ ਕਹਿ ਦਿੱਤਾ ਸੀ ਕਿ 'ਕਾਂਗਰਸ ਪਰਵਾਰ ਨਾਲ ਸੰਬੰਧਤ ਆਗੂਆਂ ਮਹਾਤਮਾ ਗਾਂਧੀ, ਸਰਦਾਰ ਪਟੇਲ, ਜਿਨਾਹ, ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ ਆਦਿ ਨੇ ਭਾਰਤ ਦੀ ਆਜ਼ਾਦੀ ਤੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹੋ ਕਾਰਨ ਹੈ ਕਿ ਮੈਂ ਏਥੇ ਆਇਆ ਹਾਂ। ਮੈਂ ਪਹਿਲੀ ਅਤੇ ਆਖਰੀ ਵਾਰ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ ਹੈ ਤੇ ਇਸ ਤੋਂ ਪਿੱਛੇ ਨਹੀਂ ਹਟਾਂਗਾ।' ਇਸ ਬਿਆਨ ਬਾਰੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ, ਜੋ ਉਸ ਸਮੇਂ ਮੰਚ ਉਤੇ ਹਾਜ਼ਰ ਸਨ, ਨੇ ਕਿਹਾ ਕਿ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਸੁਣਿਆ। ਉਨ੍ਹਾਂ ਕਿਹਾ, 'ਜੇ ਤੁਸੀਂ ਕਹਿ ਰਹੇ ਹੋ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਅਜਿਹੀ ਟਿੱਪਣੀ ਕੀਤੀ ਹੋਵੇ, ਪਰ ਮੈਨੂੰ ਅਜਿਹਾ ਕੁਝ ਸੁਣਾਈ ਨਹੀਂ ਦਿੱਤਾ। ਹੋ ਸਕਦਾ ਹੈ ਕਿ ਮੈਂ ਉਸ ਸਮੇਂ ਕਿਸੇ ਹੋਰ ਨਾਲ ਗੱਲ ਕਰ ਰਿਹਾ ਹੋਵਾਂ।'

ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਉੜੀਸਾ ਦੇ ਮਯੂਰਭੰਜ ਲੋਕ ਸਭਾ ਹਲਕੇ ਵਿੱਚ ਰੈਲੀ ਦੌਰਾਨ ਇਹ ਮੁੱਦ ਉਭਾਰ ਕੇ ਕਿਹਾ, 'ਸ਼ਤਰੂਘਨ ਸਿਨਹਾ ਨੇ ਕਾਂਗਰਸ 'ਚ ਸ਼ਮੂਲੀਅਤ ਕੀਤੀ ਹੈ ਅਤੇ ਉਹ ਕਹਿ ਰਹੇ ਹਨ ਕਿ ਜਿਨਾਹ ਮਹਾਤਮਾ ਗਾਂਧੀ ਤੇ ਸਰਦਾਰ ਪਟੇਲ ਵਰਗੇ ਮਹਾਨ ਵਿਅਕਤੀ ਸੀ। ਕਾਂਗਰਸ ਆਗੂ ਜਿਨਾਹ ਦੀ ਸ਼ਲਾਘਾ ਕਰ ਰਹੇ ਹਨ ਜਿਸ ਨੇ ਦੇਸ਼ ਦੀ ਵੰਡ ਕਰਵਾਈ। ਇਹੀ ਇਨ੍ਹਾਂ ਦਾ ਚਰਿੱਤਰ ਹੈ।' ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਸ਼ਤਰੂਘਨ ਆਪਣੇ ਬਿਆਨ ਬਾਰੇ ਸਪੱਸ਼ਟੀਕਰਨ ਖੁਦ ਦੇਣਗੇ। ਉਹ ਸਿਰਫ ਇਸ ਦਾ ਅਧਿਕਾਰਤ ਪੱਖ ਪੇਸ਼ ਕਰ ਸਕਦੇ ਹਨ। ਘਟਨਾ ਮਗਰੋਂ ਸਿਨਹਾ ਨੇ ਕਿਹਾ, 'ਮੇਰੀ ਜ਼ੁਬਾਨ ਤਿਲਕ ਗਈ, ਮੈਂ ਮੌਲਾਨਾ ਅਬਦੁਲ ਕਲਾਮ ਆਜ਼ਾਦ ਦਾ ਜ਼ਿਕਰ ਕਰਨਾ ਚਾਹੁੰਦਾ ਸੀ।' ਸਿਨਹਾ ਨੇ ਕਿਹਾ ਕਿ ਮੈਂ ਮੌਲਾਨਾ ਅਬਦੁਲ ਕਲਾਮ ਆਜ਼ਾਦ ਦਾ ਜ਼ਿਕਰ ਕਰਨਾ ਚਾਹੁੰਦਾ ਸਾਂ, ਗਲਤੀ ਨਾਲ ਮੁਹੰਮਦ ਅਲੀ ਜਿਨਾਹ ਦਾ ਨਾਂਅ ਲੈ ਲਿਆ ਗਿਆ, ਮੈਂ ਇਸ ਬਾਰੇ ਮੁਆਫੀ ਨਹੀਂ ਮੰਗਾਂਗਾ।'

# ਹੜ੍ਹਾਂ ਦਾ ਸਾਹਮਣਾ ਕਰ ਰਹੀਆਂ ਕਮਿਊਨਿਟੀਜ਼ ਦੀ ਮਦਦ ਲਈ ਫੈਡਰਲ ਸਰਕਾਰ ਤਿਆਰ : ਟਰੂਡੋ

...ਪੰਨਾ 1 ਦਾ ਬਾਕੀ

ਫੈਡਰਲ ਅੰਕੜਿਆਂ ਮੁਤਾਬਕ ਲਿਬਰਲਾਂ ਵੱਲੋਂ 2015 ਦੇ ਅਖੀਰ ਵਿੱਚ ਸੱਤਾ ਉੱਤੇ ਕਬਜਾ ਜਮਾਉਣ ਤੋਂ ਬਾਅਦ ਤੋਂ ਸਰਕਾਰ ਵੱਲੋਂ 41 ਪ੍ਰੋਜੈਕਟਾਂ ਲਈ ਮਨਜ਼ੂਰ ਕੀਤੇ ਗਏ 1.27 ਬਿਲੀਅਨ ਡਾਲਰ ਦੇ ਫੰਡ ਅਜਿਹੀ ਤਬਾਹੀ ਦੇ ਮੁਆਵਜ਼ੇ ਲਈ ਹੀ ਰੱਖੇ ਗਏ ਸਮਝੇ ਜਾ ਰਹੇ ਹਨ। ਅੰਕੜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਮੁੱਠੀ ਭਰ ਪ੍ਰੋਜੈਕਟ ਹੀ ਸ਼ੁਰੂ ਹੋਏ ਤੇ ਜਿਨ੍ਹਾਂ ਵਿੱਚੋਂ ਮੁਕੰਮਲ ਹੋਣ ਲਈ ਅਜੇ ਕਈਆਂ ਨੂੰ ਕਈ ਸਾਲ ਲੱਗਣਗੇ। ਇਸ ਦੌਰਾਨ ਟਰੂਡੋ ਦਾ ਇਹ ਸੁਝਾਅ ਹੈ ਕਿ ਫੈਡਰਲ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਭਵਿੱਖ ਵਿੱਚ ਸਹੀ ਪ੍ਰੋਜੈਕਟਾਂ ਉੱਤੇ ਹੀ ਇਨਫਰਾਸਟ੍ਰਕਚਰ ਸਬੰਧੀ ਖਰਚਾ ਕਰੇ ਤਾਂ ਕਿ ਸਾਡੀਆਂ ਕਮਿਊਨਿਟੀਜ਼ ਦੀ ਹਿਫਾਜ਼ਤ ਕੀਤੀ ਜਾ ਸਕੇ ਤੇ ਲੰਮੇਂ ਸਮੇਂ ਤੱਕ ਉਨ੍ਹਾਂ ਦੀ ਖੁਸ਼ਹਾਲੀ ਯਕੀਨੀ ਬਣਾਈ ਜਾ ਸਕੇ।

ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਇੱਕ ਵਾਰੀ ਅਸੀਂ ਮੌਜੂਦਾ ਹੜ੍ਹ ਵਾਲੇ ਹਾਲਾਤ ਉੱਤੇ ਕਾਬੂ ਪਾ ਲਈਏ, ਸਾਨੂੰ ਇਹ ਹਿਸਾਬ ਲਾ ਕੇ ਹੀ ਚੱਲਣਾ ਹੋਵੇਗਾ ਕਿ ਅੱਗੇ ਤੋਂ ਹਾਲਾਤ ਦਾ ਸਾਹਮਣਾ ਕਿਸ ਤਰ੍ਹਾਂ ਕਰਨਾ ਹੈ। ਹਮੇਸ਼ਾਂ ਬਿਹਤਰ ਕਰਨ ਦੀ ਗੁੰਜਾਇਸ਼ ਤਾਂ ਰਹਿੰਦੀ ਹੀ ਹੈ, ਇਸ ਲਈ ਫੈਡਰਲ ਸਰਕਾਰ ਪ੍ਰੋਵਿੰਸਾਂ ਤੇ ਮਿਊਂਸਪੈਲਿਟੀਜ਼ ਦੇ ਨਾਲ ਰਲ ਕੇ ਇਸ ਖਤਰੇ ਤੋਂ ਪਾਰ ਪਾਵੇਗੀ।

## ਆਪਣੀਆਂ ਪ੍ਰੋਗਰੈਸਿਵ ਨੀਤੀਆਂ ਨੂੰ ਫੈਡਰਲ ਏਜੰਡੇ ਵਿੱਚ ਸ਼ਾਮਲ ਕਰਨ ਲਈ ਪੂਰਾ ਜ਼ੋਰ ਲਾ ਰਹੇ ਹਨ ਜਗਮੀਤ ਸਿੰਘ



ਓਟਵਾ, 28 ਅਪਰੈਲ (ਪੋਸਟ ਬਿਊਰੋ) : ਫੈਡਰਲ ਚੋਣਾਂ ਤੋਂ ਪਹਿਲਾਂ ਪਾਰਲੀਆਮੈਂਟ ਦੇ ਆਖਰੀ ਸੈਸ਼ਨ ਦੇ ਖ਼ਤਮ ਹੋਣ ਵਿੱਚ ਸੱਤ ਹਫਤੇ ਰਹਿ ਗਏ ਹਨ, ਅਜਿਹੇ ਵਿੱਚ ਐਨਡੀਪੀ ਆਗੂ ਤੇ ਬਰਨਾਬੀ ਸਾਊਥ ਤੋਂ ਐਮਪੀ ਜਗਮੀਤ ਸਿੰਘ ਆਪਣੀਆਂ ਪ੍ਰੋਗਰੈਸਿਵ ਨੀਤੀਆਂ ਨੂੰ ਫੈਡਰਲ ਏਜੰਡੇ ਵਿੱਚ ਸ਼ਾਮਲ ਕਰਨ ਲਈ ਪੂਰਾ ਜ਼ੋਰ ਲਾ ਰਹੇ ਹਨ।

ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦਾ ਧਿਆਨ ਮੁੱਖ ਤੌਰ ਉੱਤੇ ਤਿੰਨ ਵਿਸ਼ਿਆਂ, ਜਿਨ੍ਹਾਂ ਵਿੱਚ ਹਾਊਸਿੰਗ, ਫਾਰਮਾਕੇਅਰ ਤੇ ਗ੍ਰੀਨ ਨਿਊ ਡੀਲ ਸ਼ਾਮਲ ਹਨ, ਉੱਤੇ ਕੇਂਦਰਿਤ ਰਹੇਗਾ। ਅਮਰੀਕੀ ਨੀਤੀ ਘਾੜਿਆਂ ਵੱਲੋਂ ਪੇਸ਼ ਕੀਤੀ ਗਈ ਗ੍ਰੀਨ ਨਿਊ ਡੀਲ ਦਾ ਹੀ ਕੈਨੇਡੀਅਨ ਸੰਸਕਰਣ ਜਗਮੀਤ ਸਿੰਘ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਸਾਨੂੰ ਵਧੇਰੇ ਹਾਊਸਿੰਗ ਦੀ ਲੋੜ ਹੈ। ਕੈਨੇਡੀਅਨਾਂ ਨੂੰ ਇਸ ਨਾਲ ਸੰਘਰਸ਼ ਕਰਨਾ ਪੈ ਰਿਹਾ ਹੈ, ਇਸ ਬਾਰੇ ਉਹ ਕਈ ਕਹਾਣੀਆਂ ਵੀ ਸੁਣ ਚੁੱਕੇ ਹਨ। ਇਸ ਦੇ ਨਾਲ ਹੀ ਉਹ ਚਾਹੁੰਦੇ ਹਨ ਕਿ ਸਾਰਿਆਂ ਲਈ ਬਰਾਬਰ ਫਾਰਮਾਕੇਅਰ ਹੋਵੇ। ਉਹ ਅਜਿਹੀ ਯੋਜਨਾ ਲਿਆਉਣੀ ਚਾਹੁੰਦੇ ਹਨ ਜਿਸ ਰਾਹੀਂ ਕੈਨੇਡਾ ਵਿੱਚ ਸਾਰਿਆਂ ਨੂੰ ਇਹ ਸਹੂਲਤ ਮਿਲ ਸਕੇ। ਇਸ ਤੋਂ ਇਲਾਵਾ ਉਹ ਕਲਾਈਮੇਟ ਚੇਂਜ ਲਈ ਸੱਚਮੁੱਚ ਜਲਦ ਤੋਂ ਜਲਦ ਕਾਰਵਾਈ ਕਰਨੀ ਚਾਹੁੰਦੇ ਹਨ।

ਫਰਵਰੀ ਦੇ ਅੰਤ ਵਿੱਚ ਸੀਟ ਜਿੱਤਣ ਤੋਂ ਬਾਅਦ ਤੋਂ ਹੀ ਜਗਮੀਤ ਸਿੰਘ ਨਿਯਮਿਤ ਤੌਰ ਉੱਤੇ ਇਨ੍ਹਾਂ ਮੁੱਦਿਆਂ ਨੂੰ ਉਠਾਉਂਦੇ ਆ ਰਹੇ ਹਨ। ਪਰ ਪਿਛਲੇ ਦੋ ਮਹੀਨੇ ਤੋਂ ਐਸਐਨਸੀ-ਲਾਵਾਲਿਨ ਮਾਮਲੇ ਦੇ ਛਾਏ ਹੋਣ ਕਾਰਨ ਕਿਸੇ ਵੀ ਹੋਰ ਸਿਆਸੀ ਮਸਲੇ ਵੱਲ ਕਿਸੇ ਦਾ ਧਿਆਨ ਨਹੀਂ ਜਾ ਰਿਹਾ। ਹੁਣ ਇੱਕ ਪਾਸੇ ਜਦੋਂ ਗ੍ਰੀਨ ਪਾਰਟੀ ਨੂੰ ਵੀ ਮਕਬੂਲੀਅਤ ਹਾਸਲ ਹੋਣ ਲੱਗੀ ਹੈ ਤਾਂ ਅਜਿਹੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਅਕਸ ਵੀ ਕਈ ਪ੍ਰੋਗਰੈਸਿਵ ਵੋਟਰਾਂ ਦੀ ਨਜ਼ਰ ਵਿੱਚ ਧੁੰਦਲਾ ਪਿਆ ਹੈ। ਇਸ ਦੇ ਨਾਲ ਹੀ ਇਸ ਸਾਲ ਦੇ ਅੰਤ ਵਿੱਚ ਫੈਡਰਲ ਚੋਣਾਂ ਵੀ ਹੋਣ ਜਾ ਰਹੀਆਂ ਹਨ। ਇਸ ਦੇ ਮੱਦੇਨਜ਼ਰ ਜਗਮੀਤ ਸਿੰਘ ਆਉਣ ਵਾਲੇ ਹਫਤਿਆਂ ਵਿੱਚ ਆਪਣੀ ਪਾਰਟੀ ਦੀਆਂ ਮਜ਼ਬੂਤ ਨੀਤੀਆਂ ਦਾ ਵੇਰਵਾ ਜਾਰੀ ਕਰਨ ਦਾ ਕਰਾਰ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਗ੍ਰੀਨ ਐਨਰਜੀ ਵਿੱਚ ਪੂਰੀ ਤਰ੍ਹਾਂ ਨਿਵੇਸ਼ ਕੀਤਾ ਜਾਵੇ, ਫੈਡਰਲ ਪੱਧਰ ਉੱਤੇ ਹਰ ਤਰ੍ਹਾਂ ਦਾ ਨਿਵੇਸ਼ ਬੰਦ ਕਰ ਦਿੱਤਾ ਜਾਵੇ, ਫੌਸਿਲ ਫਿਊਲ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਜ਼ ਬੰਦ ਕਰ ਦਿੱਤੀਆਂ ਜਾਣ ਤੇ ਸਾਰਾ ਜ਼ੋਰ ਮੁੜ ਨੰਵਿਆਈ ਜਾ ਸਕਣ ਵਾਲੀ ਊਰਜਾ ਵਿੱਚ ਲਾਇਆ ਜਾਵੇ। ਸੋਮਵਾਰ ਨੂੰ ਕਾਮਨਜ਼ ਵਿੱਚ ਵਿਰੋਧੀ ਧਿਰ ਵੱਲੋਂ ਮਤਾ ਪੇਸ਼ ਕਰਨ ਦਾ ਦਿਨ ਹੈ। ਇਸ ਲਈ ਹੁਣ ਏਜੰਡਾ ਸੈੱਟ ਕਰਨ ਦੀ ਤੇ ਵਿਚਾਰ ਵਟਾਂਦਰੇ ਲਈ ਮਤਾ ਪੇਸ਼ ਕਰਨ ਦੀ ਨਿਊ ਡੈਮੋਕ੍ਰੈਟਸ ਦੀ ਵਾਰੀ ਹੈ।

ਇਸ ਦੌਰਾਨ ਪਿੱਛੇ ਜਿਹੇ ਜਾਰੀ ਕੀਤੀ ਗਈ ਆਪਣੀ ਕਿਤਾਬ "ਲਵ ਐਂਡ ਕਰੇਜ" ਬਾਰੇ ਗੱਲ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਸਾਰੇ ਇੱਕ ਦੂਜੇ ਨਾਲ ਜੁੜੇ ਹੋਏ ਹਾਂ। ਇਸੇ ਲਈ ਉਹ ਸਾਰਿਆਂ ਲਈ ਬਰਾਬਰ ਇਨਸਾਫ ਦੇ ਹਾਮੀ ਹਨ, ਉਹ ਸਮਾਨਤਾ ਵਿੱਚ ਯਕੀਨ ਰੱਖਦੇ ਹਨ। ਉਨ੍ਹਾਂ ਆਖਿਆ ਕਿ ਉਹ ਭਾਵੇਂ ਕਿਸੇ ਨਾਲ ਇਸ ਮੁੱਦੇ ਉੱਤੇ ਸਹਿਮਤੀ ਰੱਖਣ ਜਾਂ ਨਹੀਂ ਉਹ ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਆਪਣਾ ਧਰਮ ਸਮਝਦੇ ਹਨ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਵਿਸ਼ੇਸ਼ ਜਾਂਚ ਟੀਮ ਨੇ ਕਿਹਾ: ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਕਿਸੇ ਨੂੰ ਕਲੀਨ ਚਿੱਟ ਦਿੱਤੀ ਹੀ ਨਹੀਂ ਗਈ

## * ਮੀਡੀਏ ਵਿੱਚ ਪੇਸ਼ ਕੀਤੀਆਂ ਗਲਤ ਰਿਪੋਰਟਾਂ ਦਾ ਸਪੱਸ਼ਟ ਖੰਡਨ

ਚੰਡੀਗੜ੍ਹ, 28 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੀ ਰਾਜਨੀਤੀ ਵਿੱਚ ਬਹੁ-ਚਰਚਿਤ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਉਨ੍ਹਾਂ ਮੀਡੀਆ ਰੀਪੋਰਟਾਂ ਨੂੰ ਸਾਫ ਤੌਰ ਉੱਤੇਰੱਦ ਕੀਤਾ ਹੈ, ਜਿਨ੍ਹਾਂ ਵਿਚ ਕੁਝ ਲੋਕਾਂ ਨੂੰ ਉਸ ਕੇਸ ਵਿਚ ਕਲੀਨ ਚਿੱਟ ਦੇਣ ਦਾ ਦਾਅਵਾ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਵਿਸ਼ੇਸ਼ ਜਾਂਚ ਟੀਮ ਦਾ ਕਹਿਣਾ ਹੈ ਕਿ ਉਸ ਨੇ ਸਿਰਫ਼ ਇਕ ਦੋਸ਼ੀ ਵਿਰੁੱਧ ਚਲਾਣ ਪੇਸ਼ ਕੀਤਾ ਹੈ, ਬਾਕੀਆਂ ਨੂੰ ਕਲੀਨ ਚਿੱਟ ਨਹੀਂ ਦਿੱਤੀ। ਪੰਜਾਬ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਇਹ ਕੇਸ ਜਾਂਚ ਅਧੀਨ ਹੈ ਤੇ ਕਈ ਪੱਖਾਂ ਦੀ ਘੋਖ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਮੁਕੰਮਲ ਹੋਣ ਤਕ ਕਿਸੇ ਵਿਅਕਤੀ ਨੂੰ ਕਲੀਨ ਚਿੱਟ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਤੇ ਫ਼ਰੀਦਕੋਟ ਅਦਾਲਤ ਨੂੰ ਪੇਸ਼ ਕੀਤਾ 792 ਸਫੇ ਦਾ ਚਲਾਣ, ਜਿਸ ਦਾ ਮੀਡੀਆ ਰੀਪੋਰਟਾਂ ਵਿਚ ਜ਼ਿਕਰ ਹੈ, ਸਿਰਫ਼ ਇਕ ਦੋਸ਼ੀ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਦੇ ਵਿਰੁੱਧ ਪੇਸ਼ ਕੀਤਾ ਹੈ। ਜਾਂਚ ਟੀਮ ਦੇ ਬੁਲਾਰੇ ਨੇ ਕਿਹਾ ਕਿ ਇਹ ਚਲਾਣ ਸਬੂਤਾਂਉੱਤੇ ਆਧਾਰਤ ਹੈ ਤੇ ਜਾਂਚ ਮੁਕੰਮਲ ਹੋਣ ਉੱਤੇ ਚਰਨਜੀਤ ਸ਼ਰਮਾ ਸਮੇਤ ਕਾਨੂੰਨ ਅਨੁਸਾਰ ਦੋਸ਼ੀ ਪਾਏ ਗਏ ਲੋਕਾਂ ਵਿਰੁਧ ਇੱਕ ਹੋਰ ਸਪਲੀਮੈਂਟਰੀ ਚਲਾਨ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਐੱਸ ਆਈ ਟੀ ਦੇ ਅਧਿਕਾਰਤ ਬੁਲਾਰੇ ਨੇ ਕਿਹਾ ਕਿ ਜਾਂਚ ਚੱਲਦੀ ਹੋਣ ਦੌਰਾਨ ਕਿਸੇ ਨੂੰ ਕਲੀਨ ਚਿੱਟ ਦੇਣ ਦੀ ਕੋਈ ਸੰਭਾਵਨਾ ਨਹੀਂਤੇ ਅਧੂਰੀ ਜਾਂਚ ਦੌਰਾਨ ਚਲਾਣ ਵਜੋਂ ਪੇਸ਼ ਕੀਤੇ ਇਕ ਦਸਤਾਵੇਜ਼ ਨੂੰ ਉਨ੍ਹਾਂਲੋਕਾਂ ਨੂੰ ਕਲੀਨ ਚਿੱਟ ਨਹੀਂਕਿਹਾ ਜਾ ਸਕਦਾ, ਜਿਨ੍ਹਾਂ ਦਾ ਇਸ ਚਲਾਣ ਵਿਚ ਜ਼ਿਕਰ ਹੀਨਹੀਂ। ਬੁਲਾਰੇ ਨੇ ਕਿਹਾ ਕਿ ਇਸ ਗੱਲ ਦਾ ਜ਼ਿਕਰ ਕਿ ਉਨ੍ਹਾਂ ਮੀਡੀਆ ਰਿਪੋਰਟਾਂ ਵਿੱਚ ਵੀ ਹੈ ਕਿ ਇਸ ਕੇਸ ਵਿਚ ਸ਼ਾਮਲਐਸ ਪੀ ਬਿਕਰਮਜੀਤ ਸਿੰਘ, ਪ੍ਰਦੀਪ ਕੁਮਾਰ ਅਤੇ ਅਮਰਜੀਤ ਸਿੰਘ ਨਾਮੀ 3 ਜਣਿਆਂ ਵਿਰੁੱਧ ਚਲਾਣ ਅਜੇ ਪੇਸ਼ ਕੀਤਾ ਜਾਣਾ ਹੈ।

# ਅਕਾਲੀ ਦਲ ਵਿੱਚ ਗਏ ਜਗਮੀਤ ਸਿੰਘ ਬਰਾੜ ਦਾ ਜੋੜੀਦਾਰ ਵਿਜੈ ਸਾਥੀ ਕਾਂਗਰਸ ਵਿੱਚ ਸ਼ਾਮਲ

## * ਸੱਜਣ ਸਿੰਘ ਚੀਮਾ ਆਪ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਗਿਆ



ਚੰਡੀਗੜ੍ਹ, 28 ਅਪਰੈਲ, (ਪੋਸਟ ਬਿਊਰੋ)- ਬੀਤੇ ਦਿਨੀਂ ਪਹਿਲਾਂ ਅਕਾਲੀ ਦਲ ਵਿੱਚ ਸ਼ਾਮਲ ਹੋਏ ਸਾਬਕਾ ਪਾਰਲੀਮੈਂਟ ਮੈਂਬਰ ਜਗਮੀਤ ਸਿੰਘ ਬਰਾੜ ਨੂੰ ਤਕੜਾ ਝਟਕਾ ਲੱਗਾ ਹੈ। ਉਨ੍ਹਾਂ ਦੇ ਕਰੀਬੀ ਮੰਨੇ ਜਾਂਦੇ ਸਾਬਕਾ ਵਿਧਾਇਕ ਅਤੇ ਪੁਰਾਣੇ ਜੋੜੀਦਾਰ ਵਿਜੈ ਕੁਮਾਰ ਸਾਥੀ ਨੇ ਐਤਵਾਰ ਨੂੰ ਕਾਂਗਰਸ ਦੀ ਮੈਂਬਰਸ਼ਿਪ ਹਾਸਲ ਕਰ ਲਈ ਹੈ।

ਵਰਨਣ ਯੋਗ ਹੈ ਕਿ ਵਿਜੈ ਸਾਥੀ 2013 ਵਿੱਚ ਕਾਂਗਰਸ ਟਿਕਟ ਉੱਤੇ ਮੋਗਾਤੋਂ ਜ਼ਿਮਨੀ ਚੋਣ ਲੜੇ ਹਨ ਤੇ ਇਸ ਤੋਂ ਪਹਿਲਾਂ ਬੇਅੰਤ ਸਿੰਘ ਸਰਕਾਰ ਦੇ ਵਕਤ ਜਨਤਾ ਦਲ ਦੇ ਵਿਧਾਇਕ ਰਹਿ ਚੁੱਕੇ ਹਨ। ਉਨ੍ਹਾਂ ਨੇ ਜਨਵਰੀ 2015 ਵਿੱਚਜਗਮੀਤ ਸਿੰਘ ਬਰਾੜ ਦੇ ਸਮਰਥਕਾਂ ਨਾਲ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਅੱਜ ਜਦੋਂ ਉਹ ਕਾਂਗਰਸ ਵਿੱਚ ਸ਼ਾਮਲ ਹੋਏ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਵਿਜੈ ਸਾਥੀ ਦੇ ਤਜਰਬੇ ਨਾਲ ਪਾਰਟੀ ਦਾ ਲਾਭ ਹੋਵੇਗਾ।

ਕਾਂਗਰਸ ਵਿੱਚ ਸ਼ਾਮਲ ਹੋਣ ਉੱਤੇਵਿਜੈ ਸਾਥੀ ਨੇ ਕਿਹਾ ਕਿ ਜਗਮੀਤ ਸਿੰਘ ਬਰਾੜ ਇਕਤਰਫਾ ਫੈਸਲੇ ਲੈ ਰਹੇ ਸਨ ਤੇ ਇੱਕ ਵਾਰ ਉਨ੍ਹਾਂ ਨੇ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਵੀ ਕਰ ਲਿਆ ਸੀ।ਪਿਛਲੇ ਹਫਤੇ ਉਹ ਸਮਰਥਕਾਂ ਨਾਲ ਸਲਾਹ ਕੀਤੇ ਬਿਨਾਂ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨਤੇ ਏਦਾਂ ਦੇ ਆਗੂ ਨਾਲ ਹੋਰ ਨਿਭ ਸਕਣਾ ਔਖਾ ਹੋਣ ਕਾਰਨ ਉਹ ਕਾਂਗਰਸ ਵਿੱਚ ਸ਼ਾਮਲ ਹੋਏ ਹਨ।

ਦੂਸਰੇ ਪਾਸੇ ਅੱਜ ਆਮ ਆਦਮੀ ਪਾਰਟੀ ਦੇ ਆਗੂ ਤੇ ਅਰਜੁਨ ਐਵਾਰਡੀ ਸੱਜਣ ਸਿੰਘ ਚੀਮਾ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇਉਨ੍ਹਾਂ ਨੂੰ ਪਾਰਟੀ ਦੀ ਮੈਂਬਰਸ਼ਿਪ ਦਿਵਾਈ। ਸਾਬਕਾ ਐੱਸ ਐੱਸ ਪੀ ਸੱਜਣ ਸਿੰਘ ਚੀਮਾ 2017 ਵਿੱਚ ਸੁਲਤਾਨਪੁਰ ਲੋਧੀ ਹਲਕੇਤੋਂਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਵਿਧਾਨ ਸਭਾ ਚੋਣ ਲੜ ਚੁੱਕੇ ਹਨ। ਵਰਨਣ ਯੋਗ ਹੈ ਕਿ ਦੋ ਦਿਨ ਆਮ ਆਦਮੀ ਪਾਰਟੀ ਦੇ ਮਾਨਸਾ ਹਲਕੇ ਤੋਂ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਵੀ ਇਹ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਅਤੇ ਵਿਧਾਇਕ ਵਜੋਂ ਅਸਤੀਫ਼ਾ ਦੇ ਦਿੱਤਾ ਸੀ।

# ਭਾਜਪਾ ਉਮੀਦਵਾਰ ਦੇ ਲਈ ਚੋਣ ਪ੍ਰਚਾਰ ਕਰਨਾ 'ਗਰੇਟ ਖਲੀ' ਨੂੰ ਮਹਿੰਗਾ ਪੈਣ ਲੱਗਾ



ਕੋਲਕਾਤਾ, 28 ਅਪਰੈਲ, (ਪੋਸਟ ਬਿਊਰੋ)- ਵਰਲਡ ਵਾਈਡ ਰੈਸਲਿੰਗ ਵਾਲੇ ਪਹਿਲਵਾਨ ਦਲੀਪ ਸਿੰਘ ਰਾਣਾ ਉਰਫ਼ 'ਦਿ ਗ੍ਰੇਟ ਖਲੀ' ਨੂੰ ਲੋਕ ਸਭਾ ਚੋਣਾਂ ਵਿੱਚ ਭਾਜਪਾ ਉਮੀਦਵਾਰ ਲਈ ਚੋਣ ਪ੍ਰਚਾਰ ਕਰਨਾ ਮਹਿੰਗਾ ਪੈਣ ਲੱਗਾ ਹੈ। ਪੱਛਮੀ ਬੰਗਾਲ ਵਿੱਚਉਸ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰਦੇ ਖਿਲਾਫ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਨੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਕੀਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਖਲੀ ਅਮਰੀਕੀ ਨਾਗਰਿਕ ਹੈ ਤੇ ਕਿਸੇ ਵਿਦੇਸ਼ੀ ਨੂੰ ਭਾਰਤੀ ਵੋਟਰਾਂ ਨੂੰ ਪ੍ਰਭਾਵਤ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ।

ਵਰਨਣ ਯੋਗ ਹੈ ਕਿ ਖਲੀ ਨੇ ਬੀਤੇ ਸ਼ੁਕਰਵਾਰ ਪੱਛਮੀ ਬੰਗਾਲ ਦੇ ਜਾਦ-ਵਪੁਰ ਪਾਰਲੀਮੈਂਟਰੀ ਹਲਕੇ ਤੋਂ ਭਾਜਪਾ ਉਮੀਦਵਾਰ ਅਨੁਪਮ ਹਜ਼ਾਰਾ ਦੇ ਸਮਰਥਨ ਵਿੱਚ ਚੋਣ ਪ੍ਰਚਾਰ ਕੀਤਾ ਸੀ। ਟੀ ਐੱਮ ਸੀ ਨੇ ਚੋਣ ਕਮਿਸ਼ਨ ਨੂੰ ਲਿਖੀ ਚਿੱਠੀ ਵਿੱਚ ਕਿਹਾ, 'ਖਲੀ ਅਮਰੀਕੀ ਨਾਗਰਿਕ ਹੈ। ਇਸ ਲਈ ਵਿਦੇਸ਼ੀ ਨਾਗਰਿਕ ਨੂੰ ਭਾਰਤੀ ਵੋਟਰਾਂ ਦਾ ਧਿਆਨ ਭਟਕਾਉਣ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ।' ਇਸ ਤੋਂ ਪਹਿਲਾਂ ਖਲੀ ਨੇ ਅਨੁਪਮ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਅਤੇ ਕਿਹਾ ਸੀ ਕਿ ਅਨੁਪਮ ਹਜ਼ਾਰਾ ਉਨ੍ਹਾਂ ਦੇ ਦੋਸਤ ਹਨ ਤੇ ਉਨ੍ਹਾਂ ਲਈ ਦੋਸਤੀ ਪਾਰਟੀ ਤੋਂ ਉੱਪਰ ਹੈ। ਉਨ੍ਹਾਂ ਕਿਹਾ ਸੀ ਕਿ ਅਨੁਪਮ ਗਰੀਬਾਂ ਦਾ ਦਰਦ ਸਮਝਦੇ ਤੇ ਇਹ ਜਾਣਦੇ ਹਨ ਕਿ ਪਾਰਲੀਮੈਂਟ ਵਿੱਚ ਉਨ੍ਹਾਂ ਦੀ ਗੱਲ ਕਿੰਝ ਚੁੱਕੀ ਜਾਵੇ। ਰੈਲੀ ਦੌਰਾਨ ਖਲੀ ਨੇ ਪ੍ਰਧਾਨ ਮੰਤਰੀ ਮੋਦੀ ਦੀ ਵੀ ਤਰੀਫ਼ ਕੀਤੀ ਸੀ। ਅਨੁਪਮ ਹਜ਼ਾਰਾ ਪਹਿਲਾਂ ਤ੍ਰਿਣਮੂਲ ਕਾਂਗਰਸ ਵੱਲੋਂਪਾਰਲੀਮੈਂਟ ਮੈਂਬਰ ਸਨ, ਪਰ ਇਨ੍ਹਾਂ ਚੋਣਾਂ ਤੋਂ ਪਹਿਲਾਂ ਤ੍ਰਿਣਮੂਲ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਭਾਜਪਾ ਨੇ ਉਨ੍ਹਾਂ ਨੂੰ ਫ਼ਿਲਮੀ ਅਦਾਕਾਰ ਅਤੇ ਟੀ ਐੱਮ ਸੀ ਉਮੀਦਵਾਰ ਮਿਮੀ ਚਕਰਵਰਤੀ ਵਿਰੁੱਧ ਉਮੀਦਵਾਰ ਬਣਾਇਆ ਹੈ।

# ਸੁਪਰੀਮ ਕੋਰਟ ਨੇ ਕਿਹਾ: ਕੋਹਿਨੂਰ ਹੀਰਾ ਵਾਪਸ ਲਿਆਉਣ ਦਾ ਆਦੇਸ਼ ਨਹੀਂ ਦੇ ਸਕਦੇ

## * 5 ਜੱਜਾਂ ਦੇ ਬੈਂਚ ਵੱਲੋਂ ਸਰਬ ਸੰਮਤੀ ਨਾਲ ਫੈਸਲਾ



ਨਵੀਂ ਦਿੱਲੀ, 28 ਅਪਰੈਲ, (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਕੋਲ ਪਏ ਕੋਹਿਨੂਰ ਹੀਰੇ ਦੇ ਬਾਰੇਸੁਪਰੀਮ ਕੋਰਟ ਨੇ ਅੱਜ ਇਕ ਵੱਡਾ ਫੈਸਲਾ ਕੀਤਾ ਹੈ ਅਤੇ ਇਸ ਕੇਸ ਦਿੱਤੇ ਆਪਣੇ ਪੁਰਾਣੇ ਫੈਸਲੇ ਦੀ ਮੁੜ ਕੇ ਸਮੀਖਿਆ ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੋਰਟ ਨੇ ਕਿਹਾ ਕਿ ਇਸ ਦਾ ਕੋਈ ਆਧਾਰ ਨਜ਼ਰ ਨਹੀਂ ਹੈ।

ਮਿਲੀ ਖਬਰ ਮੁਤਾਬਕ ਚੀਫ ਜਸਟਿਸ ਰੰਜਨ ਗਗੋਈ ਦੀ ਪ੍ਰਧਾਨਗੀ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਇਸ ਕੇਸਬਾਰੇ ਡੂੰਘੀ ਵਿਚਾਰ ਕੀਤੀ, ਪਰ ਇਸ ਦੌਰਾਨ ਕੋਈ ਅਜਿਹਾ ਆਧਾਰ ਨਹੀਂਲੱਭਾ, ਜਿਸ ਕਾਰਨ ਪਹਿਲਾਂ ਦਿੱਤੇ ਆਦੇਸ਼ ਦੀ ਮੁੜ ਸਮੀਖਿਆ ਦੀ ਲੋੜ ਹੋਵੇ। ਬੈਂਚ ਨੇ ਕਿਊਰੇਟਿਵ ਪਟੀਸ਼ਨ ਰੱਦ ਕਰ ਕੇ ਕਿਹਾ ਕਿ ਇਸ ਅਰਜ਼ੀ ਦੀ ਕੋਈ ਮੈਰਿਟ ਨਹੀਂ ਹੈ ਤੇ ਪਟੀਸ਼ਨਰ ਇਸ ਕੇਸ ਦੀ ਕੋਈ ਯੋਗ ਵਜ੍ਹਾ ਨਹੀਂ ਦੱਸ ਸਕਦਾ ਕਿ ਕਿਉਂ ਇਸ ਦੀ ਸੁਣਵਾਈ ਕੀਤੀ ਜਾਵੇ।ਕੋਰਟ ਨੇ ਇਹ ਵੀ ਕਿਹਾ ਕਿ ਜੱਜਾਂ ਦੀ ਬੈਂਚ ਨੇ ਕਿਊਰੇਟਿਵ ਪਟੀਸ਼ਨ ਨਾਲ ਦਿੱਤੇ ਸਾਰੇ ਕਾਗਜ਼ਾਤ ਦੇਖੇ ਤੇ ਦੇਖਣ ਤੋਂ ਬਾਅਦ ਸਾਡੀ ਰਾਏ ਵਿੱਚ'ਰੂਪਾ ਅਸ਼ੋਕ ਹੁਡਾ ਬਨਾਮ ਅਸ਼ੋਕ ਹੁਡਾ ਤੇ ਹੋਰ' ਵਾਲੇ ਪਹਿਲੇ ਕੇਸ ਵਿਚਲੇ ਸਟੈਂਡਰਡ ਤੋਂ ਵੱਖ ਮੁੱਦਾ ਨਹੀਂਹੈ। ਸਾਰੇ ਤੱਥਵੇਖ ਕੇਪਟੀਸ਼ਨਰੱਦ ਕੀਤੀ ਗਈ ਹੈ। ਇਸ ਅਦਾਲਤੀ ਬੈਂਚ ਵਿੱਚ ਜਸਟਿਸ ਐੱਸ ਏ ਬੋਬੜੇ, ਜਸਟਿਸ ਐੱਨ ਖੰਨਾ, ਜਸਟਿਸ ਡੀਵਾਈ ਚੰਦਰਚੂੜਅਤੇ ਜਸਟਿਸ ਐੱਸ ਕੇ ਕੌਲ ਸ਼ਾਮਲ ਸਨ। ਇਸ ਤੋਂ ਪਹਿਲਾਂ ਅਦਾਲਤ ਨੇ ਆਲ ਇੰਡੀਆ ਹਿਮਊਨ ਰਾਈਟਸ ਐਂਡ ਸੋਸ਼ਲ ਜਸਟਿਸ ਫਰੰਟ ਦੀ ਅਰਜ਼ੀ ਉੱਤੇ ਸੁਣਵਾਈ ਕੀਤੀ ਸੀ। ਓਦੋਂ ਬੈਂਚ ਨੇ ਕਿਹਾ ਸੀ ਕਿ ਕੋਹਿਨੂਰ ਹੀਰੇ ਵਾਸਤੇ ਉਹ ਬ੍ਰਿਟੇਨ ਨੂੰ ਹੁਕਮ ਨਹੀਂ ਦੇ ਸਕਦੇ।

# ਅਮਰੀਕਾ ਦੇ ਯਹੂਦੀ ਧਾਰਮਿਕ ਸਥਾਨ ਉੱਤੇ ਫਾਇਰਿੰਗ ਵਿੱਚ ਇਕ ਮੌਤ, ਤਿੰਨ ਜ਼ਖ਼ਮੀ





ਸਾਨ ਫਰਾਂਸਿਸਕੋ, ਕੈਲੀਫੋਰਨੀਆ, 28 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆਵਿਚਲੇ ਕਸਬੇ ਪਵੇ ਵਿੱਚ ਯਹੂਦੀਆਂ ਦੇ ਧਾਰਮਿਕ ਸਥਾਨ ਉੱਤੇਇੱਕ ਬੰਦੂਕਧਾਰੀ ਵੱਲੋਂ ਕੀਤੀ ਗੋਲ਼ੀਬਾਰੀ ਨਾਲ ਵਿੱਚ ਇਕ ਔਰਤ ਦੀ ਮੌਤ ਹੋ ਗਈ ਤੇ ਤਿੰਨ ਲੋਕ ਜ਼ਖ਼ਮੀ ਹੋਣ ਦੀ ਖਬਰ ਹੈ। ਹਮਲਾਵਰ 19 ਸਾਲਾ ਨੌਜਵਾਨ ਨੂੰ ਪੁਲਿਸ ਨੇ ਫੜ ਲਿਆ ਹੈ। ਸੰਬੰਧਤ ਸ਼ਹਿਰ ਦੇ ਮੇਅਰ ਬਿਲ ਗੋਰ ਦੇ ਮੁਤਾਬਕ ਹਮਲਾਵਰ ਦਾ ਨਾਂ ਜਾਨ ਅਰੇਨਸਟ ਹੈ। ਰਾਸ਼ਟਰਪਤੀ ਟਰੰਪ ਨੇ ਵੀ ਘਟਨਾ ਦੀ ਨਿੰਦਾ ਕੀਤੀ ਤੇ ਕਿਹਾ, 'ਮੈਂ ਕੈਲੀਫੋਰਨੀਆ ਵਿੱਚ ਯਹੂਦੀ ਧਾਰਮਿਕ ਸਥਾਨ ਉੱਤੇ ਫਾਇਰਿੰਗ ਨਾਲ ਪ੍ਰਭਾਵਿਤ ਲੋਕਾਂ ਲਈ ਪ੍ਰਾਰਥਨਾ ਕਰਦਾ ਹਾਂ। ਪੁਲਿਸ ਨੇ ਸ਼ਾਨਦਾਰ ਕੰਮ ਕੀਤਾ ਹੈ।'

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਸਥਾਨਕ ਸਮੇਂ ਅਨੁਸਾਰ 111.30 ਵਜੇ ਓਦੋਂ ਹੋਈ ਸੀ, ਜਦੋਂ ਇਸ ਧਾਰਮਿਕ ਸਥਾਨ ਅੰਦਰ ਯਹੂਦੀ ਲੋਕਾਂ ਦੀ ਆਜ਼ਾਦੀ ਦਾ ਜਸ਼ਨ ਮਨਾਉਣ ਦਾ ਪ੍ਰੋਗਰਾਮ ਚੱਲ ਰਿਹਾ ਸੀ। ਹਮਲਾ ਕਰਨ ਵਾਲਾ ਇਸ ਧਾਰਮਿਕ ਸਥਾਨ ਵਿੱਚਆਇਆ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਗੋਲ਼ੀ ਲੱਗਣ ਨਾਲ ਇਕ ਬਜ਼ੁਰਗ ਔਰਤ ਦੀ ਮੌਤ ਹੋ ਗਈ ਅਤੇ ਇਕ ਲੜਕੀ ਅਤੇ ਦੋ ਮਰਦ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਡਾਕਟਰਾਂ ਦੇ ਮੁਤਾਬਕ ਉਨ੍ਹਾਂ ਦੀ ਹਾਲਾਤ ਸਥਿਰ ਹੈ।

# ਸਾਫਟਵੇਅਰ ਵਿੱਚ ਖਰਾਬੀ ਕਾਰਨ ਏਅਰ ਇੰਡੀਆ ਦੀ ਸਰਵਿਸ ਛੇ ਘੰਟੇ ਠੱਪ ਰਹੀ



ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਯਾਤਰੀ ਸੇਵਾ ਸਿਸਟਮ ਦੀ ਖਰਾਬੀ ਕਾਰਨ ਸਰਕਾਰੀ ਜਹਾਜ਼ ਸੇਵਾ ਕੰਪਨੀ ਏਅਰ ਇੰਡੀਆ ਦੀਆਂ ਉਡਾਣਾਂ ਕੱਲ੍ਹ ਸਵੇਰੇ ਲਗਭਗ ਛੇ ਘੰਟੇ ਤੱਕ ਠੱਪ ਰਹੀਆਂ, ਜਿਸ ਕਾਰਨ ਏਅਰ ਇੰਡੀਆ ਦੀਆਂ ਉਡਾਣਾਂ ਫੜਨ ਲਈ ਗਏ ਯਾਤਰੀ ਜਿਉਂ ਦੇ ਤਿਉਂ ਹਵਾਈ ਅੱਡਿਆਂ 'ਤੇ ਫਸੇ ਰਹੇ।

ਏਅਰਲਾਈਨ ਨੂੰ ਯਾਤਰੀ ਸੇਵਾ ਸਿਸਟਮ ਪੇਸ਼ ਕਰਨ ਵਾਲੀ ਅਮਰੀਕੀ ਕੰਪਨੀ 'ਸੀਟਾ' ਦੇ ਸਾਫਟਵੇਅਰ ਵਿੱਚ ਖਰਾਬੀ ਕਾਰਨ ਉਸ ਦਾ ਸਰਵਰ ਡਾਊਨ ਰਿਹਾ, ਜਿਸ ਕਾਰਨ ਇਹ ਸਮੱਸਿਆ ਆਈ ਅਤੇ ਕੱਲ੍ਹ ਰਾਤ ਤੱਕ ਉਡਾਣਾਂ 'ਚ ਦੇਰੀ ਦਾ ਖਦਸ਼ਾ ਰਿਹਾ। ਏਅਰ ਇੰਡੀਆ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਲੋਹਾਨੀ ਨੇ ਦੱਸਿਆ ਕਿ ਭਾਰਤੀ ਸਮੇਂ ਅਨੁਸਾਰ ਤੜਕੇ 3.30 ਤੋਂ 4.30 ਤੱਕ 'ਸੀਟਾ' ਦਾ ਸਰਵਰ ਮੇਂਟੀਨੈਂਸ ਲਈ ਬੰਦ ਕੀਤਾ ਗਿਆ ਸੀ। ਇਸ ਦੌਰਾਨ ਉਡਾਣਾਂ ਨਹੀਂ ਹੁੰਦੀਆਂ, ਪਰ ਸਰਵਰ ਨੂੰ ਦੁਬਾਰਾ ਚਾਲੂ ਕਰਨ 'ਤੇ ਉਸ ਵਿੱਚ ਸਾਫਟਵੇਅਰ ਦੀ ਕੁਝ ਖਰਾਬੀ ਆ ਗਈ। ਅਮਰੀਕਾ ਦੇ ਅਟਲਾਂਟਾ ਵਿੱਚ 'ਸੀਟਾ' ਦੇ ਇੰਜੀਨੀਅਰਾਂ ਦੀ ਟੀਮ ਲਗਾਤਾਰ ਕੋਸ਼ਿਸ਼ ਕਰਦੀ ਰਹੀ ਅਤੇ ਸਵੇਰੇ 8.45 ਵਜੇ ਯਾਤਰੀ ਸੇਵਾ ਸਿਸਟਮ ਠੀਕ ਹੋ ਸਕਿਆ।

ਓਧਰ 'ਸੀਟਾ' ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਸਰਵਰ ਦੀ ਮੇਂਟੀਨੈਂਸ ਦੌਰਾਨ ਕੱਲ੍ਹ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਦੁਨੀਆ ਭਰ 'ਚ ਏਅਰ ਇੰਡੀਆ ਦੀਆਂ ਉਡਾਣਾਂ ਪ੍ਰਭਾਵਤ ਰਹੀਆਂ। ਉਸ ਨੇ ਕਿਹਾ ਕਿ ਅਸੀਂ ਸਮੱਸਿਆ ਦੇ ਮੂਲ ਕਾਰਨ ਦੀ ਜਾਂਚ ਕਰ ਰਹੇ ਹਾਂ ਤਾਂ ਕਿ ਅਜਿਹੀ ਸਮੱਸਿਆ ਫਿਰ ਨਾ ਆਵੇ।










# ਪ੍ਰਿੰਸ ਵਿਲੀਅਮ ਨੇ ਕ੍ਰਾਈਸਟਚਰਚ ਵਿਖੇ ਅਲ ਨੂਰ ਮਸਜਿਦ ਦਾ ਕੀਤਾ ਦੌਰਾ



ਔਕਲੈਂਡ, 28 ਅਪ੍ਰੈਲ (ਹਰਜਿੰਦਰ ਸਿੰਘ ਬਸਿਆਲਾ): ਬੀਤੇ ਦਿਨੀਂ ਇੰਗਲੈਂਡ ਦੇ ਸ਼ਹਿਜ਼ਾਦਾ ਪ੍ਰਿੰਸ ਵਿਲੀਅਮ ਜੋ ਕਿ ਪ੍ਰਿੰਸ ਚਾਰਲਸ ਅਤੇ ਸਵ. ਡਿਆਨਾ ਦੇ ਪੁੱਤਰ ਹਨ ਅਤੇ ਰਾਣੀ ਏਲਿਜ਼ਾਬੇਥ-2 ਦੇ ਪੋਤਰੇ ਹਨ, ਬੀਤੇ ਕੱਲ੍ਹ ਤੋਂ ਨਿਊਜ਼ੀਲੈਂਡ ਦੌਰੇ 'ਤੇ ਹਨ। ਕੱਲ੍ਹ ਸਵੇਰੇ ਔਕਲੈਂਡ ਵਾਰ ਮੈਮੋਰੀਅਲ ਵਿਖੇ ਐਨ. ਜ਼ੈਕ. ਡੇਅ ਮੌਕੇ ਜਿੱਥੇ ਵਿਸ਼ਵ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਥੇ ਉਹ ਕੱਲ੍ਹ ਸ਼ਾਮ ਹੀ ਕ੍ਰਾਈਸਟਚਰਚ ਵਿਖੇ ਪਹੁੰਚ ਗਏ। ਅੱਜ ਆਪਣੇ ਦੌਰੇ ਦਾ ਦੂਜਾ ਦਿਨ ਉਨ੍ਹਾਂ ਅਲ ਨੂਰ ਮਸਜਿਦ ਕ੍ਰਾਈਸਟਚਰਚ ਤੋਂ ਸ਼ੁਰੂ ਕੀਤਾ। ਇਥੇ ਉਨ੍ਹਾਂ ਨੇ ਉਹ ਜਗ੍ਹਾ ਵੇਖੀ ਜਿੱਥੇ ਇਕ ਅੱਤਵਾਦੀ ਨੇ 15 ਮਾਰਚ ਅੱਜ ਦੇ ਹੀ ਦਿਨ ਸ਼ੁੱਕਰਵਾਰ ਨੂੰ 50 ਨਿਹੱਥੇ ਲੋਕਾਂ ਨੂੰ ਮਾਰ ਦਿੱਤਾ ਅਤੇ 42 ਲੋਕਾਂ ਨੂੰ ਜ਼ਖਮੀ ਕਰ ਦਿੱਤਾ ਸੀ। ਪ੍ਰਿੰਸ ਵਿਲੀਅਮ ਨੇ ਨਮਾਜ਼ੀ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਸੰਬੋਧਨ ਹੁੰਦਿਆ ਕਿਹਾ ਕਿ ਸਾਡੇ ਪਿਆਰ ਦੀ ਫੌਜ ਈਰਖਾ ਦੀ ਫੌਜ ਉਤੇ ਹਮੇਸ਼ਾਂ ਜਿੱਤ ਪ੍ਰਾਪਤ ਕਰਗੀ। ਉਨ੍ਹਾਂ ਨੇ ਬੜੇ ਪਿਆਰ ਨਾਲ ਲੋਕਾਂ ਕੋਲੋਂ ਘਟਨਾ ਬਾਰੇ ਜਾਣਿਆ ਅਤੇ ਕ੍ਰਾਈਸਟਚਰਚ ਹਸਪਤਾਲ ਦਾ ਦੌਰ ਵੀ ਕੀਤਾ। ਇਥੇ ਉਨ੍ਹਾਂ ਡਾਕਟਰਾਂ ਦੀ ਟੀਮ, ਐਮਰਜੈਂਸੀ ਸਟਾਫ, ਜ਼ਿਲ੍ਹਾ ਹੈਲਥ ਬੋਰਡ ਅਤੇ ਹੋਰ ਡਾਕਟਰੀ ਅਮਲੇ ਨਾਲ ਗੱਲਬਾਤ ਕੀਤੀ। ਬੀਤੇ ਕੱਲ੍ਹ ਵੀ ਉਹ ਸਟਾਰ ਸ਼ਿੱਪ ਹਸਪਤਾਲ ਵਿਖੇ ਇਕ 4-5 ਸਾਲਾ ਬੱਚੇ ਨੂੰ ਵੇਖਣ ਗਏ ਸਨ। ਇਸ ਮੌਕੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੌਸਿੰਡਾ ਅਰਡਨ ਵੀ ਉਨ੍ਹਾਂ ਦੇ ਨਾਲ ਸੀ। ਇਸ ਕਾਫਲੇ ਦੌਰਾਨ ਨਿਊਜ਼ੀਲੈਂਡ ਦੀ ਭਾਰੀ ਫੋਰਸ ਨਾਲ ਸੀ ਅਤੇ ਚੱਪਾ-ਚੱਪਾ ਛਾਣ ਰਹੀ ਸੀ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਇਸ ਸਾਰੇ ਦੌਰੇ ਦੌਰਾਨ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਦੀ ਨਿਮਰਤਾ ਬਹੁਤ ਵਾਰ ਝਲਕੀ। ਉਹ ਬੈਠ ਕੇ ਇਕ ਬੱਚੇ ਨਾਲ ਗੱਲਬਾਤ ਕਰਦੀ ਵੇਖੀ ਗਈ, ਮਸਜਿਦ ਦੇ ਬਾਹਰ ਪ੍ਰਿੰਸ ਵਿਲੀਅਮ ਦੀ ਉਡੀਕ ਕਰਦੀ ਰਹੀ ਅਤੇ ਔਕਲੈਂਡ ਦੇ ਹਸਪਤਾਲ ਦੇ ਵਿਚ ਹੇਠਾਂ ਬੈਠੀ ਵੇਖੀ ਜਦ ਕਿ ਪ੍ਰਿੰਸ ਵਿਲੀਅਮ ਬੱਚੇ ਦੇ ਬੈਡ ਉਤੇ ਬੈਠ ਕੇ ਗੱਲਾਂ ਕਰ ਰਹੇ ਸਨ। ਇਹ ਦ੍ਰਿਸ਼ ਕਾਫੀ ਭਾਵੁਕ ਸੀ, ਇਕ ਬੱਚੇ ਦੇ ਸਾਹਮਣੇ ਦੋ ਵੱਡੇ ਲੋਕ ਨਿਮਰਤਾ ਦੇ ਛੱਟੇ ਵੰਡ ਰਹੇ ਸਨ। ਅਜਿਹੇ ਬੱਚੇ ਜੀਵਨ ਭਰ ਇਸ ਦੇਸ਼ ਦਾ ਅਤੇ ਸਥਾਨਕ ਲੋਕਾਂ ਦਾ ਕਿਵੇਂ ਬੁਰਾ ਸੋਚ ਸਕਣਗੇ? ਸਵਾਲ ਹੀ ਪੈਦਾ ਨਹੀਂ ਹੁੰਦਾ।

# ਰਵਨੀਤ ਬਿੱਟੂ ਦੇ ਸਮਰਥਨ ’ਚ ਮੋਟਰਸਾਈਕਲ ਰੈਲੀ



ਲੁਧਿਆਣਾ, 28 ਅਪ੍ਰੈਲ (ਗਿਆਨ ਸਿੰਘ): ਲੁਧਿਆਣਾ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੀ ਚੋਣ ਪ੍ਰਚਾਰ ਮੁਹਿੰਮ ਨੂੰ ਸ਼ਿਖਰਾਂ ਤੱਕ ਪਹੁੰਚਾਉਣ ਨੂੰ ਲੈ ਕੇ ਪੰਜਾਬ ਕਾਂਗਰਸ ਸੇਵਾ ਦਲ ਦੀ ਲੁਧਿਆਣਾ ਦਿਹਾਤੀ ਇਕਾਈ ਦੇ ਪ੍ਰਧਾਨ ਸਤਪਾਲ ਲਾਲੀ ਦੀ ਅਗਵਾਈ ਵਿਚ ਸਕੂਟਰ ਮੋਟਰ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ । ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬ ਕਾਂਗਰਸ ਸੇਵਾ ਦਲ ਦੇ ਪ੍ਰਧਾਨ ਨਿਰਮਲ ਸਿੰਘ ਕੈੜਾ ਨੇ ਸ਼ਿਰਕਤ ਕੀਤੀ । ਇਹ ਰੈਲੀ ਗੁਰੂ ਤੇਗ ਬਹਾਦੁਰ ਨਗਰ ਤੋਂ ਸ਼ੁਰੂ ਹੋ ਕੇ ਭਾਈ ਹਿੰਮਤ ਸਿੰਘ ਨਗਰ, ਦੁਗਰੀ ਅਤੇ ਜੈਨ ਮੰਦਿਰ ਆਦਿ ਇਲਾਕਿਆਂ ਤੋਂ ਗੁਜਰੀ । ਇੱਥੇ ਹਰ ਵਰਗ ਦੇ ਲੋਕਾਂ ਨੇ ਸਵਾਗਤ ਕਰਦਿਆਂ ਹੋਇਆਂ ਭਰਪੂਰ ਸਮਰਥਨ ਦੇਣ ਦਾ ਵਾਅਦਾ ਕੀਤਾ । ਪ੍ਰਧਾਨ ਨਿਰਮਲ ਸਿੰਘ ਕੈੜਾ ਅਤੇ ਜਿਲ੍ਹਾ ਦਿਹਾਤੀ ਪ੍ਰਧਾਨ ਸਤਪਾਲ ਲਾਲੀ ਨੇ ਦਾਅਵਾ ਕੀਤਾ ਕਿ ਇਸ ਸਮੇਂ ਦੇਸ਼ ਭਰ ਵਿੱਚ ਹੀ ਕਾਂਗਰਸ ਦੇ ਪੱਖ ਵਿਚ ਹਵਾ ਚੱਲ ਰਹੀ ਹੈ । ਕਾਂਗਰਸ ਪਾਰਟੀ ਸਪੱਸ਼ਟ ਬਹੁਮਤ ਦੇ ਨਾਲ ਦੇਸ਼ ਵਿਚ ਸ਼੍ਰੀ ਰਾਹੁਲ ਗਾਂਧੀ ਦੀ ਅਗਵਾਈ ਵਿਚ ਇਕ ਮਜ਼ਬੂਤ ਸਰਕਾਰ ਬਣਾਉਣ ਵਿਚ ਸਫਲ ਹੋਣਗੇ । ਪੰਜਾਬ ਦੀਆਂ 13 ਦੀਆਂ 13 ਸੀਟਾਂ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਦੇਖ ਰੇਖ ਵਿਚ ਸ਼ਾਨ ਨਾਲ ਜਿੱਤੇਗੀ। ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਕੇ ਇਕ ਰਿਕਾਰਡ ਕਾਇਮ ਕਰੇਗੀ । ਇਸ ਮੌਕੇ ਤੇ ਗੁਰਮੇਲ ਸਿੰਘ ਬਰਾੜ, ਗੁਰਨਾਮ ਸਿੰਘ ਕਲੇਰ, ਬਲਜੀਤ ਸਿੰਘ ਜੱਸੋਵਾਲ, ਤਿਲਕ ਰਾਜ ਸੋਨੂੰ, ਮੋਨਿਕਾ ਰਾਣੀ, ਸੁਖਵਿੰਦਰ ਕੌਰ ਬਾਵਾ, ਬਲਜਿੰਦਰ ਕੌਰ, ਜਸਵਿੰਦਰ ਕੌਰ, ਰਵਿੰਦਰ ਸਾਹਨੀ, ਗੁਰਦੀਪ ਸਿੰਘ, ਸਰਬਜੀਤ ਕੌਰ, ਮੇਵਾ ਲਾਲ, ਸਰਬਜੀਤ ਰਿੰਕੂ, ਹਰਪ੍ਰੀਤ ਸਿੰਘ ਡੈਨੀ, ਜਸਵੀਰ ਗੁਰਮ ਆਦਿ ਹਾਜ਼ਿਰ ਸਨ।

# ਜਸਵੰਤ ਸਿੰਘ ਖਾਲੜਾ ਨੇ ਸਿੱਖ ਕੌਮ ਪ੍ਰਤੀ ਇੱਕ ਬੇਮਿਸਾਲ ਕੁਰਬਾਨੀ ਕੀਤੀ : ਬ੍ਰਹਮਪੁਰਾ



ਤਰਨ ਤਾਰਨ, 28 ਅਪ੍ਰੈਲ (ਗਿਆਨ ਸਿੰਘ): ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਅੱਜ ਬੀਬੀ ਪਰਮਜੀਤ ਕੌਰ ਖਾਲੜਾ ਦੇ ਹੱਕ ਵਿਚ ਚੋਣ ਮੁਹਿੰਮ ਆਰੰਭ ਕੀਤੀ ਅਤੇ ਹਲਕਾ ਖਡੂਰ ਸਾਹਿਬ ਦੇ ਭੈਲ ਢਾਏਵਾਲਾ, ਜਾਮਾਰਾਏ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ ਅਤੇ ਕੱਲਾ ਪਿੰਡ ਵਿਖੇ ਆਪਣੇ ਪਾਰਟੀ ਵਰਕਰਾਂ ਦੀ ਮੀਟਿੰਗਾਂ ਨੂੰ ਸੰਬੋਧਨ ਕੀਤਾ।

ਬ੍ਰਹਮਪੁਰਾ ਨੇ ਵੱਖ-ਵੱਖ ਪਿੰਡਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਜਵਾਨਾਂ ਅਤੇ ਲਵਾਰਿਸ ਲਾਸ਼ਾਂ ਦੇ ਅੰਤਿਮ ਸੰਸਕਾਰ ਲਈ ਸਰਕਾਰ ਖਿਲਾਫ਼ ਅਵਾਜ਼ ਉਠਾਉਣ ਲਈ ਭਾਈ ਜਸਵੰਤ ਸਿੰਘ ਖਾਲੜਾ ਵਲੋਂ ਕੀਤੀ ਕੁਰਬਾਨੀ ਦਾ ਇਤਿਹਾਸ ਵਿੱਚ ਕੋਈ ਮੇਲ ਨਹੀਂ ਹੈ। ਇਸ ਲਈ ਮਾਝੇ ਦੇ ਲੋਕ ਆਪਣੇ ਦਿਲ ਦੀ ਆਵਾਜ਼ ਸੁਣਨ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਦੇ ਸਮਰਥਨ ਵਿਚ ਵੋਟਾਂ ਪਾ ਕੇ ਕਾਮਯਾਬ ਕੀਤਾ ਜਾਵੇ।

ਬ੍ਰਹਮਪੁਰਾ ਨੇ ਲੋਕਾਂ ਅਪੀਲ ਕੀਤੀ ਕਿ ਤੁਹਾਨੂੰ ਇੱਥੇ ਇਕ ਪ੍ਰਣ ਕਰ ਲੈਣਾ ਚਾਹੀਦਾ ਹੈ ਕਿ ਤੁਸੀਂ ਇਕੱਲੇ ਜਾਂ ਆਪਣੇ ਪਰਿਵਾਰ ਦੀ ਵੋਟ ਨਹੀਂ ਪਾਓਗੇ, ਤੁਹਾਨੂੰ ਹੋਰਾਂ ਲੋਕਾਂ ਨੂੰ ਵੀ ਬੀਬੀ ਖਾਲੜਾ ਦਾ ਸਮਰਥਨ ਕਰਨ ਲਈ ਅਪੀਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਅੱਗੇ ਝੁਕੇ ਹਾਂ ਅਤੇ ਆਪਣੇ ਉਮੀਦਵਾਰ ਨੂੰ ਬੀਬੀ ਖਾਲੜਾ ਦੀ ਜਿੱਤ ਯਕੀਨੀ ਬਣਾਉਣ ਲਈ ਵਾਪਸ ਲੈ ਲਿਆ ਹੈ ਇਸ ਲਈ ਤੁਹਾਨੂੰ ਬੀਬੀ ਖਾਲੜਾ ਦੀ ਜਿੱਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਬ੍ਰਹਮਪੁਰਾ ਨੇ ਬਾਦਲ ਪਰਿਵਾਰ 'ਤੇ ਵਰ੍ਹਦੇ ਹੋਏ ਕਿਹਾ ਕਿ ਪੰਜ ਤਖ਼ਤਾਂ ਦੇ ਜਥੇਦਾਰਾਂ ਨੇ ਡੇਰਾ ਸੱਚਾ ਸੌਦਾ ਦੇ ਮੁੱਖੀ ਨੂੰ ਸਜ਼ਾ ਦਿੱਤੀ ਪਰ ਬਾਦਲ ਪਰਿਵਾਰ ਨੇ ਪਖੰਡੀ ਸਾਧ ਨੂੰ ਪੰਜ ਤਖਤ ਸਾਹਿਬਾਨਾਂ ਦੀ ਮਾਣ ਮਰਿਆਦਾ ਨੂੰ ਇੱਕ ਭੱਦਾ ਦਾਗ਼ ਲਗਾਇਆ ਜੋ ਕਿ ਬਹੁਤ ਸ਼ਰਮਨਾਕ ਗੱਲ ਹੈ।

ਬ੍ਰਹਮਪੁਰਾ ਨੇ ਕਿਹਾ ਕਿ ਬਾਦਲਾਂ ਦੁਆਰਾ ਪਖੰਡੀ ਸਾਧ ਦੀ ਮਾਫ਼ੀ ਦੇ ਖ਼ੁਦ ਹੀ ਜਾਅਲੀ ਲਿਖੇ ਪੱਤਰ ਤਿਆਰ ਕੀਤੇ ਜੋ ਉਨ੍ਹਾਂ ਨੇ ਸਿਆਸੀ ਲਾਭ ਲਈ ਸਾਧ ਨੂੰ ਮੁਆਫ ਕਰਨ ਲਈ ਇਨ੍ਹਾਂ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਜ਼ੋਰ ਪਾਇਆ ਹੈ। ਬਾਦਲਾਂ ਨੇ ਜਥੇਦਾਰਾਂ ਨੂੰ ਹੁਕਮ ਕੀਤਾ ਕਿ ਅਸੀਂ ਡੇਰਾ ਸੱਚਾ ਸੌਦਾ ਸਹਿਯੋਗ ਤੋਂ ਬਿਨਾਂ ਚੋਣਾਂ ਨਹੀਂ ਜਿੱਤ ਸਕਦੇ ਕਿਉਂਕਿ ਉਸ ਕੋਲ ਬਹੁਤ ਸਾਰੀ ਦੌਲਤ ਅਤੇ ਵੋਟਾਂ ਹਨ ਇਸ ਲਈ ਉਸ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ ਪਰ ਬਾਅਦ ਵਿਚ ਡੇਰਾ ਮੁੱਖੀ ਨੇ ਸਪੱਸ਼ਟ ਕੀਤਾ ਕਿ ਉਸਨੇ ਕੋਈ ਵੀ ਪੱਤਰ ਮਾਫ਼ੀ ਮੰਗਣ ਲਈ ਨਹੀਂ ਲਿਖਿਆ ਹੈ ਜੋ ਬਾਦਲਾਂ ਨੂੰ ਸ਼ਰਮਸਾਰ ਕਰਨ ਲਈ ਕਾਫ਼ੀ ਹੈ।

ਬ੍ਰਹਮਪੁਰਾ ਨੇ ਇਸ ਗੱਲ ਵੱਲ ਵੀ ਧਿਆਨ ਦਵਾਇਆ ਕਿ "ਇਤਿਹਾਸ ਵਿਚ ਇਕ ਸਮਾਂ ਸੀ ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਬੁਲਾਇਆ ਅਤੇ ਇੱਕ ਗਲਤੀ ਲਈ ਉਨ੍ਹਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਲਿਆ ਸੀ ਪਰ ਹੁਣ ਬਾਦਲਾਂ ਨੇ ਇਸ ਸਰਬ ਉੱਚ ਸਿੱਖ ਸੰਸਥਾ ਦੀ ਸ਼ਾਨ ਨੂੰ ਮਿੱਟੀ ਕਰ ਦਿੱਤਾ ਹੈ ਅਤੇ ਹੁਣ ਬਾਦਲ ਪਰਿਵਾਰ ਵੱਲੋਂ ਕੀਤੇ ਗੁਨਾਹਾਂ ਲਈ ਕੋਈ ਵੀ ਸਜ਼ਾ ਲਾਉਣ ਦੀ ਹਿੰਮਤ ਨਹੀਂ ਕਰਦਾ ਹੈ।

# ਜ਼ਿਲ੍ਹਾ ਲੁਧਿਆਣਾ ’ਚ 100 ਸਾਲ ਤੋਂ ਵੱਧ ਉਮਰ ਵਾਲੇ 143 ਵੋਟਰ ਕਰਨਗੇ ਵੋਟ ਦਾ ਇਸਤੇਮਾਲ

ਲੁਧਿਆਣਾ, 28 ਅਪ੍ਰੈਲ (ਗਿਆਨ): ਆਗਾਮੀ ਲੋਕ ਸਭਾ ਚੋਣਾਂ-2019 ਦੌਰਾਨ ਜ਼ਿਲ੍ਹਾ ਲੁਧਿਆਣਾ ਵਿਚ 100 ਸਾਲ ਤੋਂ ਵੱਧ ਉਮਰ ਵਰਗ ਦੇ 143 ਵੋਟਰ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨਗੇ। ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਨ੍ਹਾਂ ਵੋਟਰਾਂ ਨੂੰ ਵੋਟ ਦੇ ਜ਼ਰੂਰੀ ਅਤੇ ਸਹੀ ਇਸਤੇਮਾਲ ਕਰਨ ਲਈ ਪ੍ਰੇਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ (ਜਗਰਾਂਉ)-ਕਮ-ਨੋਡਲ ਅਫ਼ਸਰ ਸਵੀਪ ਗਤੀਵਿਧੀਆਂ ਸ੍ਰੀਮਤੀ ਨੀਰੂ ਕਤਿਆਲ ਗੁਪਤਾ ਨੇ ਦੱਸਿਆ ਕਿ ਹਲਕਾ ਖੰਨਾ-57 ਵਿੱਚ 9, ਸਮਰਾਲਾ-58 ਵਿਚ 20, ਸਾਹਨੇਵਾਲ-59 ਵਿੱਚ 10, ਹਲਕਾ ਲੁਧਿਆਣਾ (ਪੂਰਬੀ)-60 ਵਿੱਚ 2, ਲੁਧਿਆਣਾ (ਦੱਖਣੀ)-61 ਵਿੱਚ 2, ਆਤਮ ਨਗਰ-62 ਵਿੱਚ 6, ਲੁਧਿਆਣਾ (ਕੇਂਦਰੀ)-63 ਵਿੱਚ ਕੋਈ ਨਹੀਂ, ਲੁਧਿਆਣਾ (ਪੱਛਮੀ)-64 ਵਿੱਚ 9, ਹਲਕਾ ਲੁਧਿਆਣਾ (ਉੱਤਰੀ)-65 ਵਿੱਚ 10, ਗਿੱਲ-66 ਵਿੱਚ 14, ਪਾਇਲ-67 ਵਿੱਚ 12, ਦਾਖਾ-68 ਵਿੱਚ 10, ਹਲਕਾ ਰਾਏਕੋਟ-69 ਵਿੱਚ 16 ਅਤੇ ਜਗਰਾਂਉ-70 ਵਿੱਚ 23 ਉਹ ਵੋਟਰ ਹਨ, ਜਿਨ੍ਹਾਂ ਦੀ ਉਮਰ 100 ਸਾਲ ਤੋਂ ਵਧੇਰੇ ਹੈ।

ਉਨ੍ਹਾਂ ਦੱਸਿਆ ਕਿ ਆਮ ਦੇਖਣ ਵਿੱਚ ਆਉਂਦਾ ਹੈ ਕਿ ਵਡੇਰੀ ਉਮਰ ਦੇ ਵੋਟਰ ਖੁਦ ਵੋਟ ਪਾਉਣ ਤੋਂ ਅਸਮਰੱਥ ਹੁੰਦੇ ਹਨ, ਇਸ ਤੋਂ ਇਲਾਵਾ ਉਨ੍ਹਾਂ ਦੀ ਵੋਟ ਪਵਾਉਣ ਵਿੱਚ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਵੀ ਕੋਈ ਜਿਆਦਾ ਦਿਲਚਸਪੀ ਨਹੀਂ ਦਿਖਾਈ ਜਾਂਦੀ। ਕਿਉਂਕਿ ਭਾਰਤੀ ਲੋਕਤੰਤਰ ਵਿੱਚ ਇੱਕ-ਇੱਕ ਵੋਟ ਦਾ ਬਹੁਤ ਮਹੱਤਵ ਹੈ, ਇਸ ਲਈ ਜ਼ਿਲ੍ਹਾ ਪ੍ਰਸਾਸ਼ਨ ਨੇ ਫੈਸਲਾ ਕੀਤਾ ਹੈ ਕਿ ਅਜਿਹੇ ਵੋਟਰਾਂ ਨੂੰ ਵੋਟ ਦੇ ਇਸਤੇਮਾਲ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਇਨ੍ਹਾਂ ਵੋਟਰਾਂ ਨੂੰ ਪ੍ਰੇਰਿਤ ਕਰਨ ਲਈ ਸਹਾਇਕ ਰਿਟਰਨਿੰਗ ਅਫ਼ਸਰ ਜਾਂ ਸਵੀਪ ਗਤੀਵਿਧੀਆਂ ਦੇ ਨੋਡਲ ਅਫ਼ਸਰਾਂ ਨੂੰ ਨਿੱਜੀ ਤੌਰ ’ਤੇ ਇਨ੍ਹਾਂ ਵੋਟਰਾਂ ਨਾਲ ਸਿੱਧਾ ਰਾਬਤਾ ਸਥਾਪਤ ਕਰਨ ਬਾਰੇ ਕਿਹਾ ਗਿਆ ਹੈ। ਇਨ੍ਹਾਂ ਵੋਟਰਾਂ ਦੇ ਪਰਿਵਾਰਾਂ ਵਾਲਿਆਂ ਨੂੰ ਮੋਟੀਵੇਟ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਅਜਿਹੇ ਵੋਟਰਾਂ ਲਈ ਹਰੇਕ ਪੋਲਿੰਗ ਸਟੇਸ਼ਨ ’ਤੇ ਵੀਲ੍ਹ ਚੇਅਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ, ਇਸ ਲਈ ਹਰੇਕ ਪਿੰਡ ਨੂੰ 2-2 ਵੀਲ੍ਹ ਚੇਅਰਾਂ ਤੁਰੰਤ ਖਰੀਦਣ ਦੇ ਆਦੇਸ਼ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ ’ਤੇ ਇਨ੍ਹਾਂ ਵੋਟਰਾਂ ਦੀ ਸਹੂਲਤ ਲਈ ਵਿਸ਼ੇਸ਼ ਵਲੰਟੀਅਰ ਤਾਇਨਾਤ ਕਰਨ ਦੀ ਵੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਵੋਟਰਾਂ ਸਮੇਤ ਐੱਨ. ਆਰ. ਆਈਜ਼, ਦਿਵਿਆਂਗ ਅਤੇ ਪਹਿਲੀ ਵਾਰ ਵੋਟ ਦਾ ਇਸਤੇਮਾਲ ਕਰਨ ਵਾਲੇ ਨੌਜਵਾਨ ਵੋਟਰਾਂ ਨੂੰ ਵੋਟ ਪਾਉਣ ’ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਵਿਸ਼ੇਸ਼ ਪ੍ਰਸ਼ੰਸਾ ਪੱਤਰ ਵੀ ਦਿੱਤੇ ਜਾਣਗੇ। ਸ੍ਰੀਮਤੀ ਗੁਪਤਾ ਨੇ ਵਡੇਰੀ ਉਮਰ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਗਾਮੀ 19 ਮਈ ਨੂੰ ਆਪਣੀ ਵੋਟ ਦਾ ਜ਼ਰੂਰੀ ਅਤੇ ਸਹੀ ਇਸਤੇਮਾਲ ਕਰਨ ਕਿਉਂਕਿ ਇਸ ਨਾਲ ਹੋਰਨਾਂ ਵੋਟਰਾਂ ਨੂੰ ਵੀ ਵੋਟ ਦੀ ਅਹਿਮੀਅਤ ਦਾ ਪਤਾ ਲੱਗੇਗਾ।

# ਜਲੰਧਰ ਵਿਚ 5ਵੀਂ ਸਪਾਇਨਲ ਕੋਰਡ ਇੰਜਰੀ ਰਿਹੈਬੀਲੇਸ਼ਨ ਕਾਨਫਰੰਸ




ਜਲੰਧਰ, 28 ਅਪ੍ਰੈਲ (ਗਿਆਨ ਸਿੰਘ): ਸਪਾਇਨਲ ਕੋਰਡ ਇੰਜਰੀ ਐਸੋਸੀਏਸ਼ਨ ਵਲੋਂ 5ਵੀ ਸਪਾਇਨਲ ਕੋਰਡ ਇੰਜਰੀ ਰਿਹੈਬੀਲੇਸ਼ਨ ਕਾਨਫਰੰਸ ਅਤੇ ਵੀਲ ਚੇਅਰ ਗੇਮਸ ਐਲ.ਪੀ.ਯੂ ਵਿਖੇ ਪ੍ਰਧਾਨ ਪਰਵਿੰਦਰ ਸਿੰਘ ਸੋਨੂੰ ਅਤੇ ਵਾਇਸ ਪ੍ਰਧਾਨ ਦਵਿੰਦਰ ਸਿੰਘ ਦੀ ਅਗਵਾਈ ਵਿਚ ਕਰਵਾਈਆ ਗਈਆ। ਇਸ ਵਿਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾਂ ਜੰਮੂ ਕਸ਼ਮੀਰ, ਹਰਿਆਣਾ ਦਿਲੀ,ਹਿਮਾਚਲ ਤੋਂ ਸਪਾਇਨਲ ਕਾਰਡ ਇੰਜਰੀ ਤੋਂ ਪੀੜਿਤ ਲੋਕ,ਮਾਹਿਰ ਡਾਕਟਰ, ਵਿੱਲ ਚੇਅਰ ਟ੍ਰੇਨੀ , ਵਿਦਿਆਰਥੀ, ਰਿਹੈਬ ਮਾਹਿਰ, ਵੀਲ ਚੇਅਰ ਯੂਸਰ, ਫਿਜਿਓਥੈਰੀਪਿਸਟ ਆਦਿ 1500 ਡੈਲੀਗੇਟਾ ਨੇ ਭਾਗ ਲੈ ਕੇ ਮਾਹਿਰਾਂ ਦੇ ਵਿਚਾਰ ਸੁਣੇ, ਅਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਦਿਮਾਗੀ ਰੋਗਾਂ ਦੇ ਮਾਹਿਰ ਸਰਜਨ ਡਾ.ਰਾਘਵ ਵਾਧਵਾ, ਡਾ. ਅਸੀਸ ਗੁਪਤਾ ਡਾਇਰੈਕਟਰ ਫੋਰਇਸ ਦਿਲੀ, ਡਾ.ਵੰਸ਼ ਸ਼ਰਮਾ ਪ੍ਰਧਾਨ ਪੰਜਾਬ ਸਪਾਇਨ ਸੁਸਾਇਟੀ, ਡਾ.ਸੰਤੋਖ ਮੰਥਗੀ, ਡਾ. ਹਿਤੈਂਦਰ ਸੂਰੀ, ਡਾ.ਦਿਵਿਯਾ ਪਰੇਸਰ, ਡਾ. ਅਵਿਨਾਸ਼ ਸ੍ਰੀ ਵਾਸਤਵ, ਡਾ. ਸੰਦੀਪ ਕੌਰ, ਡਾ.ਚਿਤਰਾ ਆਦਿ ਪੰਜਾਬ ਪ੍ਰਸਿੱਧ ਵੱਖ-ਵੱਖ ਖੇਤਰਾਂ ਦੇ ਡਾਕਟਰਾਂ ਨੇ ਆਏ ਡੈਲੀਗੇਟਾਂ ਦੀਆਂ ਮੁਸ਼ਕਲਾਂ, ਬਿਮਾਰੀਆਂ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਬੜੇ ਵਿਸਥਾਰਪੂਰਵਕ ਦਿੱਤੇ ਅਤੇ ਸਪਾਇਨਲ ਕਾਰਡ ਇੰਜਰੀ ਲੋਕਾਂ ਦਾ ਉਤਸ਼ਾਹ ਵਧਾਉਂਦੇ ਹੋਏ ਜਿੰਦਗੀ ਵਿਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਨਵੇਂ ਇਲਾਜ,ਨਵੀ ਖੋਜਾਂ,ਦੁਰਘਟਨਾਵਾਂ ਦੀ ਰੋਕਥਾਮ ਕਰਨ ਅਤੇ ਪੀੜਿਤ ਲੋਕਾਂ ਦੀ ਦਸ਼ਾ ਸੁਧਾਰਨ ਲਈ ਅਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮੁੱਖ ਮਹਿਮਾਨ ਏ. ਡੀ. ਜੀ. ਪੀ. ਅਰਪਿਤ ਸ਼ੁਕਲਾ,ਐਲ.ਪੀ.ਯੂ. ਦੇ ਚੇਅਰਮੈਨ ਅਸ਼ੋਕ ਮਿਤਲ,ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ,ਪੁਲਸਿ ਕਮਿਸ਼ਨਰ ਗੁਰਪ੍ਰੀਤ ਸਿੰਘ ਭੁਲਰ,ਰੱਸ਼ਮੀ ਮਿਤਲ,ਕਮਿਸ਼ਨਰ ਕਮਲ ਕਿਸ਼ੋਰ ਯਾਦਵ ਸਨ। ਇਸ ਮੌਕੇ ਡਾ.ਰਾਘਵ ਵਾਧਵਾ, ਦਵਿੰਦਰ ਸਿੰਘ ਅਤੇ ਪਰਵਿੰਦਰ ਸਿੰਘ ਸੋਨੂੰ ਨੇ ਕਿਹਾ ਕਿ ਇਸ ਕਾਨਫਰੰਸ ਦਾ ਮੁੱਖ ਮਕਸਦ ਹਰ ਵਿਅਕਤੀ ਜਿਹੜਾ ਰੀੜ੍ਹ ਦੀ ਹੱਡੀ ਦੀ ਚੋਟ ਨਾਲ ਪੀੜਿਤ ਹੈ ਦੀ ਸਹਾਇਤਾ ਕਰਨਾ, ਉਨ੍ਹਾਂ ਨੂੰ ਆਤਮ ਨਿਰਭਰ ਹੋਣ ਵਿਚ ਮਦਦ ਕਰਨਾ, ਮਨੋਬਲ ਵਧਾਉਣਾ, ਆਮ ਜਿੰਦਗੀ ਜੀਣ ਦੇ ਲਈ ਪ੍ਰੇਰਿਤ ਕਰਨਾ ਹੈ ਤਾਂਕਿ ਇਹ ਸਾਡੇ ਸਮਾਜ ਦਾ ਅਟੁੱਟ ਅੰਗ ਬਣ ਸਕਣ। ਇਸ ਮੌਕੇ ਵਿੱਲ ਚੇਅਰ ਗੇਮਜ ਵੀ ਕਰਵਾਈ ਗਈ। ਇਸ ਮੌਕੇ ਹਰਪਿੰਦਰ ਸਿੰਘ, ਮਨਮੋਹਨ ਸਿੰਘ,ਅਭੈ ਡੋਗਰਾ, ਕੇਵਲ ਸਿੰਘ, ਸੁਖਦੇਵ ਸਿੰਘ, ਗੁਰਵਿੰਦਰ ਸਿੰਘ ਆਦਿ ਹਾਜ਼ਿਰ ਸਨ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ
ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਟੋਰਾਂਟੋ ਨਗਰ ਕੀਰਤਨ ਸਫਲਤਾ ਨਾਲ ਸੰਪਨ











ਬਰੈਂਪਟਨ ਦੀਆਂ ਰਾਈਡਿੰਗਾਂ ਲਈ ਕੰਜ਼ਰਵੇਟਿਵ ਪਾਰਟੀ ਦੇ ਨਵੇਂ ਚੁਣੇ ਉਮੀਦਵਾਰਾਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਪਰ ਸਟੇਜ ਉੱਤੇ ਸਿਰਫ਼ ਚੁਣੇ ਹੋਏ ਨੁਮਾਇੰਦਿਆਂ ਨੂੰ ਹੀ ਜਾਣ ਦਿੱਤਾ ਗਿਆ। ਇਸ ਮੌਕੇ ਮੌਜੂਦ ਹੋਣ ਵਾਲੇ ਨੇਤਾਵਾਂ ਵਿੱਚ ਹੋਰਾਂ ਤੋਂ ਇਲਾਵਾ ਲਿਬਰਲ ਐਮ ਪੀ ਕਮਲ ਖੈਹਰਾ, ਰੂਬੀ ਸਹੋਤਾ, ਕ੍ਰਿਸਟੀ ਡੰਕਨ, ਸੋਨੀਆ ਸਿੱਧੂ, ਰਾਮੇਸ਼ਵਰ ਸਾਂਘਾ, ਗਗਨ ਸਿਕੰਦ, ਕੰਜ਼ਰਵੇਟਿਵ ਐਮ ਪੀ ਬੌਬ ਸਰਾਏ ਅਤੇ ਲੀਸਾ ਰੇਅਟ, ਐਮ ਪੀ ਪੀ ਦੀਪਕ ਆਨੰਦ ਅਮਰਜੋਤ ਸੰਧੂ, ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਕਾਉਂਸਲਰ ਹਰਕੀਰਤ ਸਿੰਘ ਅਤੇ ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੀ ਨਗਰ ਕੀਰਤਨ ਦੌਰਾਨ ਮੌਜੂਦ ਸਨ।

ਪ੍ਰੈੱਸ ਰੀਲੀਜ਼ ਨੂੰ ਉਂਟੇਰੀਓ ਸਿੱਖ ਅਤੇ ਗੁਰਦੁਆਰਾ ਕਾਉਂਸਲ ਦੇ ਪ੍ਰਧਾਨ ਗੋਬਿੰਦਰ ਸਿੰਘ ਰੰਧਾਵਾ ਵੱਲੋਂ ਪੜਿਆ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਭਾਜਪਾ ਉਮੀਦਵਾਰ ਕ੍ਰਿਕਟ ਖਿਡਾਰੀ ਗੌਤਮ ਗੰਭੀਰ ਉੱਤੇ ਦੋ ਵੋਟਾਂ ਬਣਵਾਉਣ ਦਾ ਦੋਸ਼ ਲੱਗਾ

ਨਵੀਂ ਦਿੱਲੀ, 28 ਅਪਰੈਲ, (ਪੋਸਟ ਬਿਊਰੋ)- ਕ੍ਰਿਕਟ ਛੱਡਣ ਪਿੱਛੋਂ ਬੀਤੇ ਮਹੀਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਪੂਰਬੀ ਦਿੱਲੀ ਲੋਕ ਸਭਾ ਸੀਟ ਤੋਂ ਉਮੀਦਵਾਰ ਬਣਾਏ ਗਏ ਗੌਤਮ ਗੰਭੀਰ ਨਵੀਂ ਮੁਸ਼ਕਲ ਵਿੱਚ ਫਸਦੇ ਨਜ਼ਰ ਆ ਰਹੇ ਹਨ। ਆਮ ਆਦਮੀ ਪਾਰਟੀ ਦੀ ਪੂਰਬੀ ਦਿੱਲੀ ਤੋਂ ਉਮੀਦਵਾਰ ਆਤਿਸ਼ੀ ਨੇ ਭਾਜਪਾ ਉਮੀਦਵਾਰ ਗੌਤਮ ਗੰਭੀਰ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਾਈ ਹੈ ਕਿ ਗੌਤਮ ਗੰਭੀਰ ਦੇ ਦੋ ਥਾਂ ਉੱਤੇ ਵੋਟਰ ਕਾਰਡ ਬਣੇ ਹਨ।

ਮਿਲੀ ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੀ ਉਮੀਦਵਾਰ ਆਤਿਸ਼ੀ ਨੇ ਧਾਰਾ 155 ਹੇਠ ਤੀਸ ਹਜ਼ਾਰੀ ਕੋਰਟ ਵਿੱਚ ਸ਼ਿਕਾਇਤ ਦਰਜ ਕਰ ਕੇ ਪੁਲਿਸ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਵਿੱਚ ਚੋਣ ਕਮਿਸ਼ਨ ਤੋਂ ਕੋਈ ਜਾਣਕਾਰੀ ਲੁਕਾਉਣਾ ਸਜ਼ਾ ਯੋਗ ਹੈ ਤੇ ਇਸ ਦੋਸ਼ ਵਿੱਚ ਇਕ ਸਾਲ ਤਕ ਜੇਲ੍ਹ ਹੋ ਸਕਦੀ ਹੈ, ਪਰ ਗੌਤਮ ਗੰਭੀਰ ਦੇ ਨਾਂ ਉੱਤੇ ਇਕ ਵੋਟ ਰਾਜੇਂਦਰ ਨਗਰ ਤੇ ਦੂਸਰੀ ਵੋਟ ਕਰੋਲ ਬਾਗ ਵੋਟਰ ਸੂਚੀ ਵਿੱਚ ਹੈ ਤੇ ਦੋਵਾਂ ਦੀ ਆਈ ਡੀ ਬਣਾਈ ਗਈ ਹੈ। ਇਸ ਸੰਬੰਧ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਪਾਰਟੀ ਦੀ ਉਮੀਦਵਾਰ ਦੇ ਟਵੀਟ ਨੂੰ ਰਿਟਵੀਟ ਕੀਤਾ ਹੈ ਕਿ 'ਪੂਰਬੀ ਦਿੱਲੀ ਵਾਲਿਓ, ਵੋਟ ਬਰਬਾਦ ਨਾ ਕਰੋ, ਗੌਤਮ ਗੰਭੀਰ ਦੀ ਚੋਣ ਰੱਦ ਹੋ ਸਕਦੀ ਹੈ, ਅੱਜ ਨਹੀਂ ਤੇ ਕੱਲ੍ਹ। ਸਜ਼ਾ ਵੀ ਹੋ ਸਕਦੀ ਹੈ।'







...ਪੰਨਾ 1 ਦਾ ਬਾਕੀ

ਉਂਟੇਰੀਓ ਸਿੱਖ ਅਤੇ ਗੁਰਦੁਆਰਾ ਕਾਉਂਸਲ ਵੱਲੋਂ ਸਾਲਾਨਾ ਸੰਦੇਸ਼ (ਪਰੈੱਸ ਰੀਲੀਜ਼) ਪ੍ਰਧਾਨ ਗੋਬਿੰਦਰ ਸਿੰਘ ਰੰਧਾਵਾ ਵੱਲੋਂ ਪੜਿਆ ਗਿਆ। ਇਸ ਸੰਦੇਸ਼ ਵਿੱਚ ਸਿੱਖਾਂ ਦੇ ਕੈਨੇਡਾ ਵਿੱਚ ਪਿਛਲੇ 100 ਸਾਲਾਂ ਦੌਰਾਨ ਪਾਏ ਗਏ ਯੋਗਦਾਨ ਦਾ ਜ਼ਿਕਰ ਕਰਦੇ ਹੋਏ ਕੈਨੇਡਾ ਨੂੰ ਵਿਸ਼ਵ ਦਾ ਸੱਭ ਤੋਂ ਵਧੀਆ ਮੁਲਕ ਬਣਾਉਣ ਲਈ ਅਹਿਦ ਕੀਤਾ ਗਿਆ। ਕਾਉਂਸਲ ਵੱਲੋਂ ਫੈਡਰਲ ਸਰਕਾਰ ਦਾ ਅਪਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮੰਥ ਐਲਾਨਣ ਅਤੇ ਉਂਟੇਰੀਓ ਸਰਕਾਰ ਦਾ ਸਿੱਖ ਮੋਟਰ ਸਾਈਕਲ ਸਵਾਰਾਂ ਲਈ ਹੈਲਮਟ ਤੋਂ ਛੋਟ ਦੇਣ ਲਈ ਧੰਨਵਾਦ ਕੀਤਾ ਗਿਆ। ਕਾਉਂਸਲ ਵੱਲੋਂ ਕਿਉਬਿੱਕ ਵਿੱਚ ਧਾਰਮਿਕ ਚਿੰਨ ਪਹਿਨਣ ਦੀ ਮਨਾਹੀ ਕਰਨ ਵਾਲੇ ਸੈਕੁਲਰਿਜ਼ਮ ਬਿੱਲ ਦੇ ਪਾਸ ਹੋਣ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। 28 ਅਪਰੈਲ ਉਹਨਾਂ ਲੋਕਾਂ ਨੂੰ ਸਮ੍ਰਪਿਤ ਹੁੰਦਾ ਹੈ ਜੋ ਜੌਬ ਦੌਰਾਨ ਹਾਦਸਿਆਂ ਕਾਰਣ ਫੱਟੜ ਜਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਕਾਉਂਸਲ ਵੱਲੋਂ ਸਿੱਖ ਕਮਿਉਨਿਟੀ ਦੀ ਤਰਫ਼ ਤੋਂ ਹਾਦਸੇ ਦੇ ਸ਼ਿਕਾਰ ਸਮੂਹ ਵਰਕਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਹਰਮੰਦਰ ਸਾਹਿਬ ਉੱਤੇ 1984 ਵਿੱਚ ਹੋਏ ਹਮਲੇ ਅਤੇ ਦਿੱਲੀ ਸਮੇਤ ਹੋਰ ਥਾਵਾਂ ਉੱਤੇ ਹੋਏ ਸਿੱਖਾਂ ਦੇ ਕਤਲਾਂ ਬਾਬਤ ਇਨਸਾਫ਼ ਨਾ ਮਿਲਣ ਉੱਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ।


ਸਿਟੀ ਹਾਲ ਵਿਖੇ ਸੰਗਤਾਂ ਨੂੰ ਸੰਬੋਧਨ ਕਰਨ ਵਾਲੇ ਲੀਡਰਾਂ ਵਿੱਚ ਫੈਡਰਲ ਐਨ ਡੀ ਪੀ ਆਗੂ ਜਗਮੀਤ ਸਿੰਘ, ਫੈਡਰਲ ਮੰਤਰੀ ਨਵਦੀਪ ਸਿੰਘ ਬੈਂਸ ਅਤੇ ਕੰਜ਼ਰਵੇਟਿਵ ਦੇ ਡਿਪਟੀ ਲੀਡਰ ਲੀਸਾਰੇਅਟ ਆਦਿ ਮੌਜੂਦ ਰਹੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੰਜ਼ਰਵੇਟਿਵ ਆਗੂ ਐਂਡਰੀਊ ਸ਼ੀਅਰ, ਪ੍ਰੀਮੀਅਰ ਡੱਗ ਫੋਰਡ, ਪ੍ਰੋਵਿੰਸ਼ੀਅਲ ਐਨ ਡੀ ਪੀ ਆਗੂ ਐਂਡਰੀਆ ਹਾਵਰਥ ਆਦਿ ਦੀ ਗੈਰਹਾਜ਼ਰੀ ਰੜਕੀ। ਲਿਬਰਲ ਪਾਰਟੀ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਮੰਤਰੀ ਬਰਦੀਸ਼ ਚੱਗੜ ਆਦਿ ਲੋਕਲ ਅਤੇ ਫੈਡਰਲ ਸਿੱਖ ਆਗੂਆਂ ਨੇ ਵੀ ਹਾਜ਼ਰੀ ਨਹੀਂ ਭਰੀ।

ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਫੈਡਰਲ ਮੰਤਰੀ ਨਵਦੀਪ ਬੈਂਸ ਨੇ ਕਿਹਾ ਕਿ ਵਿਸਾਖੀ ਸਿਰਫ਼ ਸਿੱਖ ਜਸ਼ਨ ਨਹੀਂ ਸਗੋਂ ਕੈਨੇਡੀਅਨ ਜਸ਼ਨ ਕਿਉਂਕਿ ਗੁਰੂ ਗੋਬਿੰਦ ਸਿੰਘ ਵੱਲੋਂ ਸਥਾਪਤ ਸਿੱਖ ਕਦਰਾਂ ਕੀਮਤਾਂ ਕੈਨੇਡੀਅਨ ਕਦਰਾਂ ਕੀਮਤਾਂ ਹਨ। ਉਹਨਾਂ ਕਿਹਾ ਕੈਨੇਡਾ ਵਿਸ਼ਵ ਦਾ ਪਹਿਲਾ ਦੇਸ਼ ਹੈ ਜਿੱਥੇ ਖਾਲਸਾ ਸਾਜਨਾ ਮਹੀਨੇ ਅਪਰੈਲ ਨੂੰ ਸਿੱਖ ਹੈਰੀਟੇਜ ਮੰਥ ਐਲਾਨ ਕੀਤਾ ਗਿਆ। ਉਹਨਾਂ ਨੇ ਹਿੰਦੂ ਅਤੇ ਸਿੱਖ ਸ਼ਰਣਾਰਥੀਆਂ ਦੇ ਅਫਗਾਨਸਤਾਨ ਤੋਂ ਆਉਣ ਦਾ ਵੀ ਜ਼ਿਕਰ ਕੀਤਾ। ਨਵਦੀਪ ਬੈਂਸ ਨੇ ਕਿਉਬਿੱਕ ਦੇ ਉਸ ਨਵੇਂ ਕਾਨੂੰਨ ਦਾ ਵੀ ਜ਼ਿਕਰ ਕੀਤਾ ਜਿਸ ਅਨੁਸਾਰ ਉੱਥੇ ਦਸਤਾਰ, ਕਿੱਪਾ (ਯਹੂਦੀਆਂ ਦਾ ਧਾਰਮਿਕ ਚਿੰਨ) ਅਤੇ ਹਿਜਾਬ ਆਦਿ ਧਾਮਿਕ ਚਿੰਨ ਪਹਿਨ ਕੇ ਸਰਕਾਰੀ ਨੌਕਰੀ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਕਾਨੂੰਨ ਦੀਆਂ ਅਜਿਹੀਆਂ ਸਖ਼ਤ ਧਾਰਨਾਵਾਂ ਦੇ ਖਿਲਾਫ ਆਵਾਜ਼ ਚੁੱਕਣ ਦਾ ਹੋਕਾ ਦਿੱਤਾ।

ਐਨ ਡੀ ਪੀ ਦੇ ਆਗੂ ਜਗਮੀਤ ਸਿੰਘ ਨੇ ਖਾਲਸਾ ਸਾਜਨਾ ਦਿਵਸ ਦੀਆਂ ਮੁਬਾਰਕਾਂ ਦੇਣ ਦੇ ਨਾਲ ਫੈਡਰਲ ਸਰਕਾਰ ਦੀ ਅਤਿਵਾਦ ਬਾਰੇ 2018 ਦੀ ਉਸ ਰਿਪੋਰਟ ਦਾ ਵਿਸ਼ੇਸ਼ ਜ਼ਿਕਰ ਕੀਤਾ ਜਿਸ ਵਿੱਚੋਂ ਬੀਤੇ ਦਿਨੀਂ ਸਿੱਖ ਸ਼ਬਦ ਨੂੰ ਕੱਢਿਆ ਗਿਆ ਹੈ। ਜਗਮੀਤ ਸਿੰਘ ਨੇ ਇਸ ਰਿਪੋਰਟ ਵਿੱਚ ਮੁਸਲਮਾਨਾਂ ਦਾ ਜ਼ਿਕਰ ਹੋਣ ਨੂੰ ਮਾੜਾ ਆਖਦੇ ਹੋਏ ਆਖਿਆ ਕਿ "ਆਪਾਂ ਉਸਨੂੰ ਵੀ ਕੱਢਾਂਗੇ"। ਉਸਨੇ ਦੋਸ਼ ਲਾਇਆ ਕਿ ਇਸ ਰਿਪੋਰਟ ਨੂੰ ਲੈ ਕੇ ਲਿਬਰਲ ਮੰਤਰੀਆਂ ਅਤੇ ਐਮ ਪੀਆਂ ਵੱਲੋਂ ਸਹੀ ਢੰਗ ਨਾਲ ਕੰਮ ਨਹੀਂ ਕੀਤਾ ਗਿਆ। ਜਗਮੀਤ ਸਿੰਘ ਨੇ ਵਿਰੋਧੀਆਂ ਵਿਰੁੱਧ ਸਿਆਸੀ ਹਮਲੇ ਕਰਦੇ ਹੋਏ ਨੂੰ ਸੰਗਤ ਸਾਹਮਣੇ ਆਪਣੀ ਐਨ ਡੀ ਪੀ ਪਾਰਟੀ ਦੇ ਗਰੀਬੀ ਵਿਰੁੱਧ ਏਜੰਡੇ ਦਾ ਜ਼ਿਕਰ ਕੀਤਾ। ਉਹਨਾਂ ਨੇ ਫੈਡਰਲ ਰਾਜਨੀਤੀ ਵਿੱਚ ਖੁਦ ਨੂੰ ਸਿੱਖ ਪਹਿਚਾਣ ਦਾ ਚਿਹਰਾ ਮੁਹਰਾ ਹੋਣ ਦਾ ਪੱਤਾ ਖੇਡਦੇ ਹੋਏ ਕਿਹਾ ਕਿ ਫੈਡਰਲ ਚੋਣਾਂ ਦੌਰਾਨ ਲੀਡਰਾਂ ਦੀ ਬਹਿਸ ਦੌਰਾਨ ਇੱਕ ਦਸਤਾਰਧਾਰੀ ਤੁਹਾਡੀ ਬਦੌਲਤ ਹਿੱਸਾ ਲਵੇਗਾ। ਇਸ ਨਿਰੋਲ ਧਾਰਮਿਕ ਸਮਾਗਮ ਦੌਰਾਨ ਸਿੱਧੀ ਰਾਜਨੀਤੀ ਅਤੇ ਵੋਟਾਂ ਦੀ ਗੱਲ ਕਰਨ ਵਾਲੇ ਉਹ ਇੱਕੋ ਇੱਕ ਲੀਡਰ ਰਹੇ।

ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਐਮ ਪੀ ਪੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਪ੍ਰੋਵਿੰਸ਼ੀਅਲ ਡੱਗ ਫੋਰਡ ਸਰਕਾਰ ਵੱਲੋਂ ਸਿੱਖ ਮੋਟਰ ਸਾਈਕਲ ਦੇ ਮੰਗ ਉੱਤੇ ਦਸਤਾਰਧਾਰੀ ਸਿੱਖਾਂ ਨੂੰ ਦਿੱਤੀ ਛੋਟ ਨੂੰ ਵੱਡੀ ਪ੍ਰਾਪਤੀ ਦੱਸਿਆ। ਐਨ ਡੀ ਪੀ ਦੀ ਡਿਪਟੀ ਲੀਡਰ ਸਾਰਾ ਸਿੰਘ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਦਾ ਵਧਾਈ ਸੰਦੇਸ਼ ਪੜ ਕੇ ਸੁਣਾਇਆ ਗਿਆ।

# ਸਾਹਿਤ ਕੋਲੋਂ ਦੂਰ ਹੋ ਰਹੀ ਨਵੀਂ ਪੀੜ੍ਹੀ



-ਗੋਵਰਧਨ ਗੱਬੀ-

ਅੱਜ ਕੱਲ੍ਹ ਇਹ ਚਰਚਾ ਆਮ ਹੁੰਦੀ ਹੈ ਕਿ ਨਵੀਂ ਪੀੜ੍ਹੀ ਸਾਹਿਤ ਤੋਂ ਦੂਰ ਹੋ ਰਹੀ ਹੈ। ਆਪਣੀ ਮਾਂ-ਬੋਲੀ ਪੰਜਾਬੀ ਨੂੰ ਵਿਸਾਰ ਰਹੀ ਹੈ, ਅੰਗਰੇਜ਼ੀ ਤੇ ਹਿੰਦੀ ਭਾਸ਼ਾ ਨੂੰ ਪਹਿਲ ਦੇ ਰਹੀ ਹੈ। ਇਸ ਦੇ ਕਈ ਕਾਰਨ ਹਨ। ਜ਼ਿਆਦਾਤਰ ਲੋਕ ਘਰਾਂ 'ਚ ਭਾਂਤ-ਭਾਂਤ ਦੀਆਂ ਦਾਰੂ ਦੀਆਂ ਬੋਤਲਾਂ ਨੂੰ ਸ਼ੋਅਕੇਸ 'ਚ ਸਜਾ ਕੇ ਆਪਣੀ ਸ਼ਾਨ ਦਾ ਮੁਜ਼ਾਹਰਾ ਕਰਦੇ ਹਨ। ਜਨਮ ਦਿਨ ਤੇ ਵਿਆਹ ਦੀ ਵਰ੍ਹੇਗੰਢ ਦੇ ਸਮਾਗਮਾਂ 'ਤੇ ਇਕ ਦੂਸਰੇ ਨੂੰ ਦਾਰੂ ਦੀਆਂ ਬੋਤਲਾਂ ਦਾ ਤੋਹਫਾ ਦੇਣਾ ਨਹੀਂ ਭੁੱਲਦੇ, ਪਰ ਕਿਤਾਬਾਂ ਭੇਟ ਕਰਨਾ ਉਨ੍ਹਾਂ ਦੇ ਸੁਭਾਅ 'ਚ ਨਹੀਂ ਹੁੰਦਾ। ਬਹੁਤੇ ਲੋਕਾਂ ਦੇ ਘਰਾਂ 'ਚ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਅਤੇ ਰਸਾਲਿਆਂ ਦਾ ਹੋਣਾ ਦੂਰ ਦੀ ਗੱਲ, ਪੰਜਾਬੀ ਅਖਬਾਰ ਤੱਕ ਨਹੀਂ ਲਾਉਂਦੇ। ਸਕੂਲਾਂ ਅਤੇ ਘਰਾਂ 'ਚ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਬਚਣ ਲਈ ਕਿਹਾ ਜਾਂਦਾ ਹੈ।

ਨਵੀਂ ਪੀੜ੍ਹੀ ਦੇ ਪੰਜਾਬੀ ਸਾਹਿਤ ਤੋਂ ਦੂਰ ਹੋਣ ਦੇ ਹੋਰ ਵੀ ਕਾਰਨ ਹਨ, ਪਰ ਇਕ ਕਾਰਨ ਕਈ ਅਖੌਤੀ ਪੰਜਾਬੀ ਸਾਹਿਤਕਾਰ ਤੇ ਪੰਜਾਬੀ ਸਾਹਿਤ ਸਭਾਵਾਂ ਹਨ। ਪੰਜਾਬੀ ਭਾਸ਼ਾ ਦੀ ਸੰਭਾਲ ਤੇ ਇਸ ਦੇ ਵਿਕਾਸ 'ਚ ਉਨ੍ਹਾਂ ਦਾ ਕਿਰਦਾਰ ਬਹੁਤਾ ਚੰਗਾ ਨਹੀਂ। ਕੁਝ ਸਾਹਿਤਕਾਰਾਂ ਤੇ ਸਾਹਿਤਿਕ ਸਭਾਵਾਂ ਨੂੰ ਮੇਰਾ ਇਹ ਤਰਕ ਦੁਖ ਦੇ ਸਕਦਾ ਹੈ, ਪਰ ਹੈ ਇਹ ਸੋਲਾਂ ਆਨੇ ਸੱਚ ਹੈ। ਇਸ ਦੀ ਇਕ ਮਿਸਾਲ ਮੈਂ ਖੁਦ ਤੁਹਾਡੇ ਨਾਲ ਸਾਂਝੀ ਕਰਦਾ ਹਾਂ।

ਕੁਝ ਸਾਲ ਪਹਿਲਾਂ ਦੀ ਗੱਲ ਹੈ। ਪੰਜਾਬ ਦੇ ਦੂਰ ਦੁਰਾਡੇ ਇਲਾਕੇ ਦੇ ਇਕ ਕਸਬੇ ਵਿੱਚ ਰਹਿੰਦੇ ਨਵੇਂ-ਨਵੇਂ ਬਣ ਰਹੇ ਲੇਖਕ ਨੇ ਆਪਣੀ ਪਹਿਲੀ ਛਪੀ ਕਿਤਾਬ ਦੇ ਲੋਕ ਅਰਪਣ ਅਤੇ ਉਸ ਉੱਤੇ ਵਿਚਾਰ ਚਰਚਾ ਕਰਾਉਣ ਦਾ ਮਨ ਬਣਾ ਲਿਆ। ਇਸ ਵਾਸਤੇ ਉਸ ਨੇ ਚੰਡੀਗੜ੍ਹ ਸ਼ਹਿਰ ਨੂੰ ਚੁਣਿਆ। ਉਸ ਨੇ ਇੰਟਰਨੈਟ ਉੱਤੇ ਜਾ ਕੇ ਸਾਹਿਤ ਦੀ ਸੇਵਾ ਕਰਨ ਵਾਲੀਆਂ ਚੰਡੀਗੜ੍ਹ ਦੀਆਂ ਸੰਸਥਾਵਾਂ ਤੇ ਸਭਾਵਾਂ ਨੂੰ ਗੂਗਲ ਉੱਤੇ ਸਰਚ ਕੀਤਾ। ਆਪਣੇ ਆਪ ਵਿੱਚ ਸਾਹਿਤ ਦੇ ਵਿਕਾਸ ਵਿੱਚ ਸਿਰ ਕੱਢਦੀ ਇਕ ਸੰਸਥਾ ਦਾ ਨਾਮ ਸਭ ਸੰਸਥਾਵਾਂ ਤੋਂ ਉਪਰ ਆ ਰਿਹਾ ਸੀ, ਉਸ ਨੇ ਉਸ ਦੇ ਕਰਿੰਦਿਆਂ ਨਾਲ ਸੰਪਰਕ ਸਾਧਿਆ। ਕਰਿੰਦਿਆਂ ਨੇ ਨਵੇਂ ਲੇਖਕ ਦਾ ਉਤਾਵਲਾਪਣ ਦੇਖ ਕੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਤਾਂ ਜਨਮੀ ਹੀ ਇਸੇ ਕੰਮ ਵਾਸਤੇ ਹੈ। ਜੇ ਸਾਰੀ ਦੁਨੀਆ ਵਿੱਚ ਕੋਈ ਪੰਜਾਬੀ ਸਾਹਿਤ ਦੀ ਸੰਭਾਲ ਤੇ ਵਿਕਾਸ ਕਰ ਰਿਹਾ ਹੈ ਤਾਂ ਉਹ ਹੈ, ਉਨ੍ਹਾਂ ਦੀ ਸੰਸਥਾ। ਬੇਚਾਰਾ ਲੇਖਕ ਉਨ੍ਹਾਂ ਦੇ ਮੋਹ ਨਾਲ ਲਿਬੜੇ ਸ਼ਬਦ ਜਾਲ ਵਿੱਚ ਫਸ ਗਿਆ ਤੇ ਕਿਹਾ ਕਿ ਉਸ ਦੀ ਕਿਤਾਬ ਦਾ ਲੋਕ ਅਰਪਣ ਕੁਝ ਰੱਜੇ ਪੁੱਜੇ ਲੇਖਕਾਂ ਤੇ ਅਲੇਖਕਾਂ (ਸਾਹਿਤ ਵਿੱਚ ਰੁਚੀ ਰੱਖਣ ਵਾਲੇ ਵੱਡੇ ਲੋਕਾਂ) ਕੋਲੋਂ ਕਰਾਇਆ ਜਾਵੇ। ਸੰਸਥਾ ਨੇ ਉਸ ਦੀਆਂ ਮੰਗਾਂ ਬਿਨਾਂ ਸ਼ਰਤ ਮੰਨ ਲਈਆਂ। ਸੰਸਥਾ ਨੇ ਉਸ ਦੇ ਸਮਾਗਮ ਵਾਸਤੇ ਕਾਰਡ ਮਹੀਨਾ ਪਹਿਲਾਂ ਹੀ ਛਪਵਾ ਦਿੱਤੇ। ਲੇਖਕ ਨੇ ਮੈਨੂੰ ਵੀ ਸਮਾਗਮ ਵਿੱਚ ਆਉਣ ਨੂੰ ਕਿਹਾ ਸੀ। ਸਮਾਗਮ ਵਾਲੇ ਦਿਨ ਪ੍ਰਧਾਨਗੀ ਕਰਨ ਵਾਲੇ ਤੇ ਕੁਝ ਹੋਰ ਵੱਡੇ ਲੇਖਕਾਂ, ਜਿਨ੍ਹਾਂ ਦਾ ਨਾਮ ਕਾਰਡ 'ਤੇ ਛਪਿਆ ਸੀ, ਵਿੱਚੋਂ ਬਹੁਤੇ ਆਏ ਹੀ ਨਹੀਂ। ਲੇਖਕ ਦਾ ਮੂਡ ਖਰਾਬ ਹੋ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਸਥਾ ਦਾ ਇਕ ਰਸੂਖਦਾਰ ਲੇਖਕਨੁਮਾ ਬੰਦਾ ਆਪ ਮੁਹਾਰੇ ਪ੍ਰਧਾਨ ਬਣ ਕੇ ਬੈਠ ਗਿਆ।

ਪਹਿਲਾਂ ਸੰਸਥਾ ਵਾਲਿਆਂ ਨੇ ਆਪਣੇ ਮੈਂਬਰਾਂ ਕੋਲੋਂ ਕਵਿਤਾਵਾਂ ਸੁਣੀਆਂ। ਬਾਅਦ 'ਚ ਪਤਾ ਲੱਗਾ ਕਿ ਬਹੁਤੇ ਮੈਂਬਰ ਆਉਂਦੇ ਹੀ ਇਸ ਵਾਸਤੇ ਹਨ ਕਿ ਸਮਾਗਮ ਵਿੱਚ ਉਨ੍ਹਾਂ ਨੂੰ ਕਵਿਤਾ ਪੜ੍ਹਨ ਦਾ ਮੌਕਾ ਮਿਲੇਗਾ, ਨਹੀਂ ਤਾਂ ਉਹ ਸਮਾਗਮ ਵੱਲ ਕਦੇ ਮੂੰਹ ਵੀ ਨਹੀਂ ਕਰਦੇ। ਖੈਰ! ਵਿਚਾਰ ਚਰਚਾ ਸ਼ੁਰੂ ਹੋਈ। ਬਹੁਤੇ ਬੋਲਣ ਵਾਲੇ ਆਪੋ ਆਪਣੀਆਂ ਗੂਗਲੀਆਂ, ਸ਼ੂਗਲੀਆਂ ਤੇ ਮੂਗਲੀਆਂ ਮਾਰ ਕੇ ਲੋਕਾਂ ਦਾ ਮਨ ਪ੍ਰਚਾਵਾ ਕਰਕੇ ਰੁਖ਼ਸਤ ਹੋ ਗਏ। ਉਨ੍ਹਾਂ ਕਿਤਾਬ ਬਾਰੇ ਕੁਝ ਨਹੀਂ ਕਿਹਾ। ਕੁਝ ਪਤਵੰਤਿਆਂ ਨੇ ਕਿਤਾਬ ਨੂੰ ਵਲੂੰਧਰ ਕੇ ਰੱਖ ਦਿੱਤਾ। ਉਹ ਕਹਿਣ ਕਿ ਲੇਖਕ ਨੂੰ ਲਿਖਣਾ ਹੀ ਨਹੀਂ ਆਉਂਦਾ। ਉਸ ਨੇ ਸ਼ਬਦਾਂ ਨਾਲ ਜਬਰਦਸਤੀ ਕੀਤੀ ਹੈ। ਕੁਝ ਘਟਨਾਵਾਂ ਅਤੇ ਸ਼ਬਦਾਂ ਨੂੰ ਰਚਨਾ 'ਚ ਜਬਰੀ ਸ਼ਾਮਲ ਕੀਤਾ ਗਿਆ ਹੈ। ਕੁਝ ਲੇਖਕਾਂ ਨੇ ਲੇਖਕ ਦੀ ਕਾਬਲੀਅਤ ਦੀ ਹੌਸਲਾ ਅਫਜ਼ਾਈ ਕੀਤੀ, ਪਰ ਉਹ ਕਿਸੇ ਨੇ ਨੋਟਿਸ ਨਹੀਂ ਕੀਤੀ। ਸਾਰਾ ਕੁਝ ਦੇਖ ਅਤੇ ਸੁਣ ਕੇ ਲੇਖਕ ਦਾ ਮੂੰਹ ਵੇਲ ਨੂੰ ਲੱਗੀ ਤੋਰੀ ਵਾਂਗ ਲਟਕਣਾ ਲਾਜ਼ਮੀ ਸੀ। ਸੰਸਥਾ ਨੇ ਚਾਹ ਪਾਣੀ ਦਾ ਪ੍ਰਬੰਧ ਵੀ ਚਿਪਚਿਪਾ, ਫਿੱਕਾ ਤੇ ਫੋਕਾ ਹੀ ਕੀਤਾ। ਫਿਰ ਸੰਸਥਾ ਨੇ ਲੇਖਕ ਵੱਲੋਂ ਆਪ ਖਰੀਦ ਕੇ ਲਿਆਂਦੀਆਂ ਲੋਈਆਂ ਆਲੋਚਕਾਂ ਤੇ ਪ੍ਰਧਾਨਗੀ ਮੰਡਲ ਵਾਲੇ ਸਾਰੇ ਸੱਜਣਾਂ ਨੂੰ ਸਾਦਰ ਭੇਟ ਕੀਤੀਆਂ। ਅਗਲੇ ਦਿਨ ਅਖਬਾਰਾਂ ਵਿੱਚ ਜੋ ਖਬਰਾਂ ਛਪੀਆਂ, ਉਨ੍ਹਾਂ ਵਿੱਚ ਖਬਰਾਂ ਦੇ ਹੈਂਡਿੰਗ ਸਨ- 'ਸਾਹਿਤ ਸੰਸਥਾ ਦੀ ਮਹੀਨੇਵਾਰ ਮੀਟਿੰਗ', 'ਸਮਾਗਮ ਵਿੱਚ ਕਵਿਤਾਵਾਂ ਦੀ ਵਰਖਾ।' ਪੂਰੀ ਖਬਰ ਦੇ ਆਖਰੀ ਪੈਰ੍ਹੇ ਵਿੱਚ ਲੇਖਕ ਦੀ ਕਿਤਾਬ ਦੀ ਚਰਚਾ ਬਾਰੇ ਵੀ ਛੋਟਾ ਜਿਹਾ ਜ਼ਿਕਰ ਸੀ।

ਜਿਹੜੇ ਲੋਕ ਨਹੀਂ ਆਏ ਸਨ, ਉਨ੍ਹਾਂ ਦੇ ਵਿਚਾਰ ਵੀ ਛਪੇ ਸਨ। ਜਿਹੜੇ ਬੋਲੇ, ਉਨ੍ਹਾਂ ਦੇ ਨਾਂ ਤੱਕ ਨਹੀਂ ਸਨ। ਜੇ ਕਿਤੇ ਵੱਡੀ ਖਬਰ ਲੱਗੀ ਤਾਂ ਉਹ ਉਸ ਕਿਤਾਬ ਦੀ ਬਦਖੋਈ ਬਾਰੇ ਸੀ। ਅਗਲੇ ਦਿਨ ਅਖਬਾਰਾਂ 'ਚ ਇਹ ਸਾਰਾ ਕੁਝ ਪੜ੍ਹ ਕੇ ਲੇਖਕ ਦਾ ਮੈਨੂੰ ਫੋਨ ਆਇਆ। ਉਹ ਗੁੱਸੇ ਨਾਲ ਭਰਿਆ ਪਿਆ ਸੀ, ਕਹਿਣ ਲੱਗਾ, 'ਭਾਜੀ! ਉਨ੍ਹਾਂ ਮੇਰਾ ਪੰਦਰਾਂ ਵੀਹ ਹਜ਼ਾਰ ਰੁਪਇਆ ਖਰਚਾ ਦਿੱਤਾ। ਪੰਜ ਹਜ਼ਾਰ ਕੈਸ਼ ਲੈ ਲਿਆ। ਚਾਰ ਪੰਜ ਹਜ਼ਾਰ ਦੀਆਂ ਮੈਥੋਂ ਲੋਈਆਂ ਮੰਗਵਾ ਲਈਆਂ। ਮੈਂ ਗੱਡੀ ਕਰਕੇ ਗਿਆ ਸੀ। ਤਿੰਨ ਚਾਰ ਹਜ਼ਾਰ ਉਸ ਉਤੇ ਖਰਚ ਹੋ ਗਏ। ਮੈਂ ਕਿਹਾ ਸੀ ਕਿ ਚਾਹ ਵਿੱਚ ਪਕੌੜੇ ਪਨੀਰ ਦੇ ਅਤੇ ਬਾਕੀ ਵਸਤਾਂ ਵੀ ਚੰਗੀਆਂ ਹੋਣੀਆਂ ਚਾਹੀਦੀਆਂ ਨੇ। ਉਨ੍ਹਾਂ ਪਕੌੜੇ ਹਬਕ ਮਾਰਦੇ ਖਿਲਾ ਦਿੱਤੇ। ਚਾਹ ਵੀ ਠੰਢੀ ਸੀ। ਖਬਰਾਂ ਉਨ੍ਹਾਂ ਆਪਣੀਆਂ ਲਗਵਾ ਲਈਆਂ। ਜੇ ਕੋਈ ਖਬਰ ਲੱਗੀ ਵੀ ਤਾਂ ਉਸ ਵਿੱਚ ਮੇਰੀ ਫੱਟੀ ਪੋਚ ਦਿੱਤੀ। ਸਮਾਗਮ ਵਿੱਚ ਆਉਣ ਵਾਸਤੇ ਮੈਂ ਹੀ ਸਭ ਨੂੰ ਫੋਨ ਕੀਤੇ। ਇਨ੍ਹਾਂ ਕਿਸੇ ਨੂੰ ਫੋਨ ਵੀ ਨਹੀਂ ਕੀਤਾ। ਭਾਜੀ, ਮੇਰਾ ਚੰਡੀਗੜ੍ਹ ਦੇ ਲੋਕਾਂ ਤੋਂ ਮੋਹ ਭੰਗ ਹੋ ਗਿਆ ਹੈ ਖਾਸ ਤੌਰ 'ਤੇ ਇਨ੍ਹਾਂ ਸਾਹਿਤ ਸਭਾਵਾਂ ਤੋਂ। ਅੱਗੇ ਤੋਂ ਨਹੀਂ ਕਦੇ ਵੀ ਕਰਾਉਂਦਾ ਕੋਈ ਸਮਾਗਮ ਚੰਡੀਗੜ੍ਹ ਵਿੱਚ।' ਗੁੱਸੇ ਵਿੱਚ ਬੋਲਦੇ ਲੇਖਕ ਨੇ ਫੋਨ ਬੰਦ ਕਰ ਦਿੱਤਾ।

ਉਸ ਦੀਆਂ ਗੱਲਾਂ ਸੁਣ ਕੇ ਮੈਂ ਬਹੁਤ ਚਿਰ ਸੋਚਦਾ ਰਿਹਾ ਕਿ ਜੇ ਸਾਹਿਤ ਸਭਾਵਾਂ ਤੇ ਉਨ੍ਹਾਂ ਦੇ ਕਰਿੰਦਿਆਂ ਲੇਖਕਾਂ ਵੱਲੋਂ ਸਾਹਿਤ ਦੀ ਸਾਂਭ ਸੰਭਾਲ ਅਤੇ ਵਿਕਾਸ ਇੰਜ ਹੀ ਹੁੰਦਾ ਰਿਹਾ ਤਾਂ ਨਵੀਂ ਪੀੜ੍ਹੀ ਸਾਹਿਤ ਕੋਲੋਂ ਉਵੇਂ ਹੀ ਦੂਰ ਭੱਜੇਗੀ ਜਿਵੇਂ ਆਡੋਮਾਸ ਕੋਲੋਂ ਮੱਛਰ। ਕੀ ਮੈਂ ਕੋਈ ਭੂਲ ਬੋਲਿਐ..?

# ਬਚਪਨ ਦੇ ਮਿਹਨਤ ਵਾਲੇ ਦਿਨ

-ਦਰਸ਼ਨ ਸਿੰਘ ਪਸਿਆਣਾ

ਗੱਲ 1971 ਦੀ ਕਣਕ ਵਢਾਈ ਵੇਲੇ ਦੀ ਹੈ। ਮੈਂ ਤੇ ਮੇਰਾ ਛੋਟਾ ਭਰਾ ਸਰਕਾਰੀ ਮਿਡਲ ਸ਼ੇਰ ਮਾਜਰੇ ਪੜ੍ਹਦੇ ਸਾਂ, ਜੋ ਸਾਡੇ ਪਿੰਡ ਤੋਂ ਚਾਰ ਕਿਲੋਮੀਟਰ ਦੂਰ ਸੀ। ਅਸੀਂ ਸਕੂਲ ਪੈਦਲ ਜਾਂਦੇ ਸਾਂ। ਜੇ ਪਹੀ ਵਿੱਚ ਪਾਣੀ ਹੋਵੇ ਤਾਂ ਅਸੀਂ ਖੇਤਾਂ ਦੀਆਂ ਵੱਟਾਂ ਤੋਂ ਹੋ ਕੇ ਜਾਂਦੇ। ਬੋਸਕੀ ਦੀਆਂ, ਫਾਟਾਂ ਵਾਲੀਆਂ ਤੰਬੀਆਂ, ਅਸੀਂ ਝੋਲਿਆਂ ਵਿੱਚ ਪਾ ਲੈਂਦੇ, ਫਟਣ, ਉਧੜਨ ਤੇ ਗੰਦਾ ਹੋਣ ਦੇ ਡਰੋਂ। ਸਕੂਲ ਦੇ ਗਰਾਊਂਡ ਵਿੱਚ ਵੜਨ ਵੇਲੇ ਪਾ ਲੈਂਦੇ। ਆਉਂਦੇ ਹੋਏ ਵੀ ਇਸੇ ਤਰ੍ਹਾਂ ਕਰਦੇ। ਅਸੀਂ ਪੈਰਾਂ ਤੋਂ ਨੰਗੇ ਹੀ ਹੁੰਦੇ ਸਾਂ। ਗਰਮ ਧਰਤੀ ਤੋਂ ਬਚਣ ਲਈ ਪੈਰਾਂ ਨੂੰ ਪੱਤੇ ਬੰਨ੍ਹ ਲੈਂਦੇ।

ਇੱਕ ਦਿਨ ਦੁਪਹਿਰ ਵੇਲੇ ਸਕੂਲ ਤੋਂ ਆਉਂਦੇ ਸਮੇਂ ਅਸੀਂ ਰਿਖੀਏ ਹੁਰਾਂ ਦੇ ਖੂਹ ਤੋਂ ਪਾਣੀ ਪੀਣ ਲੱਗੇ ਖੂਹ ਗੇੜਨ ਲਈ ਦੋ ਕੁ ਜਣੇ ਗਾਧੀ ਨੂੰ ਲੱਗ ਗਏ। ਮੈਂ ਖੂਹ ਵਿੱਚ ਨੂੰ ਜਾ ਰਹੀ ਮਾਲ੍ਹ ਦੀਆਂ ਟਿੰਡਾਂ ਉੱਤੇ ਚੜ੍ਹ ਕੇ ਖੂਹ ਗੇੜਨ ਲੱਗਾ। ਮੇਰੇ ਕੁੜਤੇ ਦੀ ਜੇਬ ਵਿੱਚੋਂ ਕੁਝ ਭਾਨ (ਸਿੱਕੇ) ਖੂਹ ਵਿੱਚ ਡਿੱਗ ਪਈ ਤਾਂ ਮੈਨੂੰ ਅਫਸੋਸ ਹੋਇਆ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਪੈਸੇ ਘਰ ਤੋਂ ਮੁਸ਼ਕਲ ਨਾਲ ਮਿਲਦੇ ਸਨ, ਜੋ ਸਾਂਭ-ਸਾਂਭ ਕੇ ਰੱਖਣੇ ਪੈਂਦੇ ਸੀ। ਸਾਥੀ ਵੀ ਕਹਿੰਦੇ, 'ਮਾੜਾ ਹੋਇਆ ਯਾਰਾ ਖੂਹ ਵਿੱਚ ਡਿੱਗੇ ਪੈਸੇ ਤਾਂ ਨਹੀਂ ਮਿਲਣੇ।' ਮੈਂ ਕਿਹਾ, 'ਚਲੋ ਗਏ ਤਾਂ ਗਏ ਪਾਣੀ ਤਾਂ ਪੀ ਲਓ ਖੂਹ ਗੇੜ ਕੇ।' ਅਸੀਂ ਖੂਹ ਗੇੜਿਆਂ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਕੁਝ ਸਿੱਕੇ ਟਿੰਡਾਂ ਵਿੱਚੋਂ ਪਾਣੀ ਨਾਲ ਪਾੜਛੇ ਵਿੱਚ ਆ ਡਿੱਗੇ। ਮੈਂ ਪਾੜਛੇ ਵਿੱਚੋਂ ਫਟਾ ਫਟ ਚੁੱਕੇ। ਸਾਥੀ ਕਹਿਣ ਲੱਗੇ "ਹੱਕ ਦੀ ਕਮਾਈ ਸੀ, ਖੂਹ ਵਿੱਚ ਡਿੱਗੀ ਵੀ ਮੋੜਤੀ ਰੱਬ ਨੇ।"

ਸਾਡੇ ਸਕੂਲ ਦਾ ਪੀ ਟੀ ਆਈ ਜਸਵੰਤ ਸਿੰਘ ਕੌਰਜੀਵਾਲੇ ਪਿੰਡ ਦਾ ਸੀ, ਜੋ ਮੈਣ ਪਿੰਡ ਤੋਂ ਆਉਂਦਾ ਸੀ। ਉਨ੍ਹਾਂ ਮੈਣ ਜ਼ਮੀਨ ਖਰੀਦ ਕੇ ਉਥੇ ਵਸੋਂ ਕਰ ਲਈ ਸੀ। ਮੇਰੇ ਮਾਤਾ-ਪਿਤਾ ਉਨ੍ਹਾਂ ਦੀ ਖੇਤੀਬਾੜੀ ਦੇ ਕੰਮਾਂ ਵਿੱਚ ਮਦਦ ਕਰਦੇ ਸਨ। ਸਾਡਾ ਪਿੰਡ ਕੌਰਜੀਵਾਲੇ ਤੇ ਮੈਣ ਦੇ ਵਿਚਕਾਰ ਪੈਂਦਾ ਸੀ। ਉਸ ਸਾਲ ਮੇਰੇ ਮਾਤਾ ਜੀ ਹੁਰਾਂ ਨੇ ਮਾਸਟਰ ਜੀ ਹੁਰਾਂ ਦੀ ਕਣਕ ਠੇਕੇ 'ਤੇ ਵੱਢਣ ਦੀ ਪੱਕੀ ਕਰ ਲਈ। ਮੈਨੂੰ ਤੇ ਛੋਟੇ ਨੂੰ ਇੱਕ ਸਾਈਕਲ ਦੇ ਦਿੱਤਾ ਸਕੂਲ ਜਾਣ ਲਈ। ਪਰਵਾਰ ਦੇ ਛੇ-ਸੱਤ ਮੈਂਬਰ ਕਣਕ ਵੱਢਣ ਲਈ ਪੈਦਲ ਹੀ ਖੇਤਾਂ ਵਿੱਚੋਂ ਦੀ ਲਗਭਗ ਚਾਰ ਕਿਲੋਮੀਟਰ ਤੁਰ ਕੇ ਜਾਂਦੇ ਤੇ ਸ਼ਾਮ ਨੂੰ ਆਉਂਦੇ। ਮੈਂ ਅਤੇ ਛੋਟਾ ਸਕੂਲ ਤੋਂ ਛੁੱਟੀ ਹੁੰਦਿਆਂ ਹੀ ਮੈਣ ਪਹੁੰਚਦੇ ਤੇ ਸ਼ਾਮ ਤੱਕ ਕਣਕ ਦੀ ਵਢਾਈ ਕਰਦੇ। ਅਸੀਂ ਰਾਤ ਨੂੰ ਪੜ੍ਹਦੇ ਹੁੰਦੇ ਸੀ। ਰੋਜ਼ ਅਸੀਂ ਇੱਕ ਭੇਲੀ ਗੁੜ ਦੀ, ਚਾਰ ਪੰਜ ਸੇਰ ਦੀ ਖਾ ਜਾਂਦੇ। ਕਦੇ-ਕਦੇ ਆਮ ਕਰ ਕੇ ਦੁਪਹਿਰ ਨੂੰ ਵਾਵਰੋਲਾ ਜਿਹਾ ਆ ਜਾਂਦਾ ਤਾਂ ਸਾਡੀ ਵੱਢੀ ਹੋਈ ਕਣਕ ਦੇ ਰੁੱਗ ਉਡਾ ਕੇ ਉਲਝਾ ਜਾਂਦਾ। ਕਈ ਵਾਰ ਤਾਂ ਵਾਵਰੋਲਾ ਏਨਾ ਵੱਡਾ ਆ ਜਾਂਦਾ ਕਿ ਕਣਕ ਦੀਆਂ ਬੰਨ੍ਹੀਆਂ ਭਰੀਆਂ 15-20 ਫੁੱਟ ਉਚੇ ਉਡਾ ਕੇ ਸੁੱਟਦਾ। ਵਾਵਰੋਲਾ ਇੱਕ ਚੱਕਰ ਵਿੱਚ ਬਹੁਤ ਤੇਜ਼ੀ ਨਾਲ ਘੁੰਮਦੀ ਹਵਾ ਨੂੰ ਕਿਹਾ ਜਾਂਦਾ ਹੈ, ਜੋ ਵਿੰਙ ਵਲੇਵੇਂ ਖਾਂਦਾ ਤੁਰਦਾ ਜਾਂਦਾ।

ਇੱਕ ਦਿਨ ਛੋਟਾ ਭਰਾ ਖੂਹ ਤੋਂ ਪੀਣ ਲਈ ਪਾਣੀ ਲੈਣ ਗਿਆ ਤਾਂ ਉਸ ਨੂੰ ਪਾਣੀ ਵਿੱਚ ਤਰਦਾ ਸੱਪ ਦਿਸ ਪਿਆ। ਅਸੀਂ ਜਦੋਂ ਖੂਹ ਉੱਤੇ ਗਏ ਤਾਂ ਕਾਲਾ ਫਨੀਅਰ ਨਾਗ ਬੜੇ ਆਰਾਮ ਨਾਲ ਪਾਣੀ ਵਿੱਚ ਟਹਿਲ ਰਿਹਾ ਸੀ। ਹੋਰ ਨੇੜੇ-ਤੇੜੇ ਖੂਹ ਨਹੀਂ ਸੀ। ਅਸੀਂ ਸਲਾਹ ਕੀਤੀ ਕਿ ਸੱਪ ਨੂੰ ਖੂਹ ਵਿੱਚ ਮਾਰ ਕੇ ਬਾਲਟੀ ਨਾਲ ਬਾਹਰ ਕੱਢੀਏ। ਅਸੀਂ ਪੱਥਰ ਇਕੱਠੇ ਕਰ ਕੇ ਸੱਪ ਦੇ ਮਾਰ-ਮਾਰ ਕੇ ਪੁੱਠਾ ਕਰ ਦਿੱਤਾ। ਉਹ ਬਿਲਕੁਲ ਨਹੀਂ ਸੀ ਹਿੱਲ ਰਿਹਾ। ਬਾਲਟੀ ਨਾਲ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਨਿਕਲਿਆ ਨਾ। ਅਸੀਂ ਹੋਰ ਕਿਤੋਂ ਪਾਣੀ ਲਿਆ ਕੇ ਪਾਣੀ ਪੀ ਲਿਆ। ਸ਼ਾਮ ਨੂੰ ਆਉਣ ਲੱਗੇ ਖੂਹ ਉਤੇ ਜਾ ਕੇ ਵੇਖਿਆ ਤਾਂ ਸੱਪ ਸਾਨੂੰ ਕਿਤੇ ਨਜ਼ਰ ਨਾ ਆਇਆ। ਅਸੀਂ ਵਾਢੀ ਪੂਰੀ ਕਰ ਕੇ ਆਪਣੇ ਹਿੱਸੇ ਦੀਆਂ ਭਰੀਆਂ ਇੱਕ ਜਗ੍ਹਾ ਤੇ ਇਕੱਠੀਆਂ ਕਰ ਗਏ। ਪੰਦਰਾਂ ਕੁ ਦਿਨਾਂ ਪਿੱਛੋਂ ਆਸੀਂ ਪਿੰਡ ਤੋਂ ਗੱਡਾ ਲੈ ਕੇ ਭਰੀਆਂ ਚੁੱਕਣ ਲਈ ਆਏ ਤੇ ਗੱਡੇ ਦੇ ਇੱਕ ਗੇੜੇ ਮਗਰੋਂ ਦਿਨ ਛਿੱਪਦੇ ਸਾਰ ਹੀ ਦੂਜਾ ਗੱਡਾ ਲੱਦ ਕੇ ਤੁਰ ਪਏ। ਹਾਲੇ ਸਵਾਜਪੁਰ ਪਿੰਡ ਦੇ ਕੱਲਰ ਦੇ ਨੇੜੇ ਹੀ ਪਹੁੰਚੇ ਸਨ ਕਿ ਪੱਛਮ ਵੱਲੋਂ ਹਨੇਰੀ ਚੜ੍ਹ ਆਈ ਤੇ ਵੇਖਦਿਆਂ ਹੀ ਵੇਖਦਿਆਂ ਉਸ ਨੇ ਸਾਨੂੰ ਘੇਰ ਲਿਆ। ਬਲਦ ਗੱਡਾ ਅਗਾਂਹ ਨੂੰ ਖਿੱਚਣ, ਪਰ ਹਨੇਰੀ ਪਿਛਾਂਹ ਨੂੰ ਲਈ ਜਾਵੇ। ਨਾਲ ਮੀਂਹ ਵੀ ਉਤਰ ਆਇਆ। ਅਸੀਂ ਰੁਕ ਗਏ ਤੇ ਗੱਡੇ ਦੇ ਹੇਠ ਵੜ ਕੇ ਮੀਂਹ ਤੇ ਹਨੇਰੀ ਤੋਂ ਬਚੇ। ਜਦੋਂ ਮੀਂਹ ਹਨੇਰੀ ਥੋੜ੍ਹੀ ਰੁਕੀ ਤਾਂ ਅਸੀਂ ਗੱਡਾ ਜੋੜ ਕੇ ਰਾਤ ਦੇ ਦੱਸ ਵਜੇ ਪਿੰਡ ਪਹੁੰਚੇ। ਹਨੇਰੀ ਤੇ ਮੀਂਹ ਵਿੱਚ ਸਾਡਾ ਬੁਰਾ ਹਾਲ ਹੋਇਆ ਪਿਆ ਸੀ। ਅੱਜ ਦੇ ਸਹੂਲਤਾਂ ਭਰਪੂਰ ਸਮੇਂ ਦੇ ਬੱਚਿਆਂ ਲਈ ਤਾਂ ਇਨ੍ਹਾਂ ਗੱਲਾਂ ਉਤੇ ਯਕੀਨ ਕਰਨਾ ਵੀ ਔਖਾ ਹੋਵੇਗਾ, ਪਰ ਇਹ ਸੱਚਾਈ ਹੈ। ਉਸ ਦੌਰ ਦੇ ਬਿਨਾਂ ਸਾਧਨਾਂ ਦੇ ਮਿਹਨਤੀ ਬੱਚਿਆਂ ਨੇ ਸਖਤ ਮਿਹਨਤ ਨਾਲ ਕਾਮਯਾਬੀਆਂ ਹਾਸਲ ਕੀਤੀਆਂ ਹਨ ਜਿਸ 'ਤੇ ਅੱਜ ਉਹ ਮਾਣ ਮਹਿਸੂਸ ਕਰਦੇ ਹਨ।


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇਸਟ੍ਰਕਟਰ

647-998-7500 ਬਲਵਿੰਦਰ


# ਨਿਆਣੀ ਮੱਤ ਸਿਆਣੀ

-ਜਗਦੀਸ਼ ਕੌਰ ਮਾਨ

ਜਦੋਂ ਦੀ ਇਹ ਗੱਲ ਹੈ, ਉਦੋਂ ਮੇਰੀ ਉਮਰ ਮਸੀਂ ਗਿਆਰਾਂ ਕੁ ਸਾਲ ਹੋਵੇਗੀ। ਉਸ ਸਮੇਂ ਕੋਈ ਘਰੇਲੂ ਕੰਮ ਢੰਗ ਸਿਰ ਨਹੀਂ ਸੀ ਆਉਂਦਾ। ਘਰ ਵਿੱਚ ਹਰ ਕਿਸੇ ਤੋਂ ਝਿੜਕਾਂ ਪੈਂਦੀਆਂ। ਆਪਣੇ ਕੰਮ ਵੇਲੇ ਸਿਰ ਨਾ ਕਰਦੀ। ਸਿਰ ਵਾਹੁਣ ਦੇ ਮਾਮਲੇ ਵਿੱਚ ਅਸਲੋਂ ਆਲਸੀ ਸਾਂ। ਸਾਰਾ ਦਿਨ ਝਾਟਾ ਖਿਲਾਰੀ ਫਿਰਦੀ ਰਹਿੰਦੀ। ਉਤੋਂ ਮੁਸੀਬਤ ਇਹ ਕਿ ਵਾਲ ਵੀ ਛੱਲਿਆਂ ਵਾਲੇ ਸਨ। ਮਾਂ ਆਪਣਾ ਫਰਜ਼ ਸਮਝਦੀ ਹੋਈ ਰਸੋਈ ਦੇ ਕੰਮ ਸਿਖਾਉਂਦੀ। ਕੋਈ ਕੰਮ ਚੱਜ ਨਾਲ ਕਰ ਲੈਂਦੀ ਤੇ ਕੋਈ ਵਿਗਾੜ ਕੇ ਧਰ ਦਿੰਦੀ। ਫਿਰ ਮਾਂ ਤੋਂ ਝਿੜਕਾਂ ਖਾਂਦੀ।

ਮਾਂ ਜਿੰਨੀ ਸਹਿਜ ਤੇ ਸੁਸ਼ੀਲ ਸੀ, ਪਿਤਾ ਜੀ ਓਨੇ ਅਵੈੜੇ ਸਨ। ਹਰ ਵੇਲੇ ਲੜਨ ਵਾਸਤੇ ਬਹਾਨੇ ਲੱਭਦੇ ਰਹਿੰਦੇ। ਨਿੱਕੀ-ਨਿੱਕੀ ਗੱਲ 'ਤੇ ਤਲਖ ਹੋ ਜਾਂਦੇ। ਕਦੇ ਸਾਨੂੰ ਜਵਾਕਾਂ ਨੂੰ ਕੁੱਟ ਦਿੰਦੇ ਅਤੇ ਕਦੇ ਮਾਂ ਦੇ ਮੌਰ ਸੇਕ ਦਿੰਦੇ। ਸਾਡੀ ਮਾਂ ਵਿਚਾਰੀ ਬੇਕਸੂਰ ਹੁੰਦੀ ਹੋਈ ਵੀ ਕਸੂਰਵਾਰਾਂ ਵਾਂਗ ਨੀਵੀਂ ਪਾਈ ਕੰਮ ਧੰਦੇ ਲੱਗੀ ਰਹਿੰਦੀ।

ਇਕ ਦਿਨ ਆਥਣ ਵੇਲੇ ਪਿਤਾ ਜੀ ਸਾਡੇ ਬਾਬਾ ਜੀ (ਦਾਦਾ ਜੀ) ਨਾਲ ਖਹਿਬੜ ਪਏ। ਬੋਲ ਕਬੋਲ ਸੁਣ ਕੇ ਸ਼ਾਂਤ ਸੁਭਾਅ ਦੇ ਬਾਬਾ ਜੀ ਨੂੰ ਉਸ ਦਿਨ ਅੰਤਾਂ ਦਾ ਗੁੱਸਾ ਆ ਗਿਆ। ਮਿਹਣੋਂ-ਮਿਹਣੀਂ ਹੁੰਦਿਆਂ ਤੋਂ ਗੱਲ ਜ਼ਿਆਦਾ ਵਧ ਗਈ। ਲਾਲ ਪੀਲੇ ਹੁੰਦੇ ਹੋਏ ਪਿਤਾ ਜੀ ਮੇਰੀ ਮਾਂ ਵੱਲ ਮੂੰਹ ਕਰਕੇ ਪੂਰੇ ਹਿਰਖ ਨਾਲ ਬੋਲੇ, 'ਸੁਣਦੀ ਏਂ! ਅੱਜ ਇਸ ਬੁੜ੍ਹੇ ਨੂੰ ਰੋਟੀ ਨਹੀਂ ਦੇਣੀ। ਜੇ ਤੂੰ ਰੋਟੀ ਫੜਾਈ ਤਾਂ ਅਹੁ ਦੀਂਹਦੀ ਏ ਨਾ ਖੂੰਜੇ ਵਿੱਚ ਖੜੀ ਡਾਂਗ, ਇਹ ਤੇਰੇ ਮੌਰਾਂ 'ਤੇ ਟੁੱਟੂਗੀ ਅੱਜ ਫਿਰ ਨਾ ਕਹੀਂ ਦੱਸਿਆ ਨ੍ਹੀਂ।'

ਮਾਂ ਨੇ ਕਿਸੇ ਆਗਿਆਕਾਰ ਬੱਚੇ ਵਾਂਗ ਪਿਤਾ ਜੀ ਦੇ 'ਹੁਕਮਾਂ ਦੀ ਪਾਲਣਾ' ਕੀਤੀ। ਉਸ ਨੇ ਰੋਟੀ ਤਿਆਰ ਕਰਕੇ ਸਾਰੇ ਟੱਬਰ ਵਾਸਤੇ ਥਾਲੀਆਂ ਵਿੱਚ ਪਾ ਦਿੱਤੀ ਤੇ ਮੈਂ ਵਾਰੀ-ਵਾਰੀ ਥਾਲੀਆਂ ਚੁੱਕ ਕੇ ਸਾਰਿਆਂ ਅੱਗੇ ਰੱਖ ਦਿੱਤੀਆਂ। ਸਾਰੇ ਰੋਟੀ ਖਾ ਰਹੇ ਸਨ। ਮੈਂ ਵੀ ਆਪਣੀ ਕੌਲੀ ਪਲੇਟ ਵਿੱਚ ਖਾਣਾ ਪਾ ਕੇ ਇਕ ਪਾਸੇ ਬੈਠ ਗਈ। ਅਜੇ ਪਹਿਲੀ ਬੁਰਕੀ ਮੂੰਹ ਵਿੱਚ ਪਾਉਣ ਲੱਗੀ ਸਾਂ ਕਿ ਮੇਰੀ ਨਿਗ੍ਹਾ ਸਾਹਮਣੇ ਮੰਜੇ 'ਤੇ ਬੈਠੇ ਬਾਬਾ ਜੀ 'ਤੇ ਪੈ ਗਈ। ਉਹ ਤਾਂ ਮਿੰਟ ਵੀ ਭੁੱਖ ਨਹੀਂ ਸਹਾਰਦੇ, ਉਹ ਸਾਡੇ ਸਾਰਿਆਂ ਵੱਲ ਇਉਂ ਤੱਕ ਰਹੇ ਸਨ ਜਿਵੇਂ ਕੋਈ ਨਿੱਕਾ ਬਾਲ, ਜਿਸ ਨੂੰ ਕੁਝ ਵੀ (ਦੁੱਧ ਤੋਂ ਸਿਵਾਏ) ਖਾਣਾ ਨਾ ਆਉਂਦਾ ਹੋਵੇ, ਵੱਡਿਆਂ ਨੂੰ ਖਾਂਦਿਆਂ ਤੱਕਦਾ ਹੈ। ਜਾਪਿਆ, ਉਨ੍ਹਾਂ ਦੀ ਤੱਕਣੀ ਵਿੱਚ ਲਾਚਾਰੀ ਤੇ ਬੇਵਸੀ ਭਰੀ ਹੋਈ ਹੈ। ਪਤਾ ਨਹੀਂ ਕੀ-ਕੀ ਸੋਚ ਰਹੇ ਹੋਣਗੇ!

ਮੇਰੇ ਅੰਦਰਲੀ ਹਿੰਮਤ ਨੇ ਸਿਰ ਚੁੱਕਿਆ ਤੇ ਸੋਚ ਨੇ ਹੁਲਾਰਾ ਲਿਆ। ਮੈਂ ਸੋਚਿਆ, 'ਦੇਖੀ ਜਾਊ ਜਿਹੜੀ ਅੱਜ ਮੇਰੇ ਨਾਲ ਬਣੂ, ਜਿਹੜੀ ਡਾਂਗ ਮੇਰੀ ਮਾਂ ਦਿਆਂ ਮੌਰਾਂ 'ਤੇ ਟੁੱਟਣੀ ਸੀ, ਜੇ ਮੇਰੇ ਮੌਰਾਂ 'ਤੇ ਟੁੱਟ ਗਈ ਤਾਂ ਕੀ ਲੋਹੜਾ ਆਜੂ!'

ਮੈਂ ਆਪਣੀ ਪਲੇਟ ਉਥੇ ਹੀ ਰੱਖ ਦਿੱਤੀ ਤੇ ਪਾਣੀ ਦੀ ਗੜਵੀ ਭਰ ਕੇ ਬਾਬਾ ਜੀ ਦੇ ਹੱਥ ਸੁੱਚੇ ਕਰਾਉਣ ਲਈ ਜਾ ਖੜੀ ਹੋਈ। ਮੈਂ ਪੂਰੀ ਨਿਮਰਤਾ ਨਾਲ ਝੁਕ ਕੇ ਬਾਬਾ ਜੀ ਨੂੰ ਕਿਹਾ, 'ਬਾਬਾ ਜੀ! ਹੱਥ ਧੋ ਲਵੋ, ਮੈਂ ਤੁਹਾਡੇ ਲਈ ਰੋਟੀ ਲੈ ਕੇ ਆਉਂਦੀ ਹਾਂ। ਬੁੱਢੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਤੇ ਭਰੇ ਗੱਚ ਨਾਲ ਉਹ ਮਸਾਂ ਇੰਨਾ ਹੀ ਬੋਲ ਸਕੇ, 'ਮੁੰਨੀਏ! ਮੈਨੂੰ ਭੁੱਖ ਨਹੀਂ ਐ ਪੁੱਤ..।' ਮੈਂ ਅੱਖ ਦੇ ਫੋਰ ਵਿੱਚ ਸ਼ਾਇਦ ਆਪਣੀ ਉਮਰ ਤੋਂ ਕਈ ਗੁਣਾ ਵੱਡੀ ਹੋ ਗਈ ਸੀ। ਮੈਂ ਲਾਡ ਭਰੇ ਦਬਕੇ ਨਾਲ ਬੋਲੀ ਸਾਂ, 'ਭੁੱਖ ਨਹੀਂ ਇਹਨੂੰ ਵੱਡੇ ਚੌਧਰੀ ਨੂੰ, ਆਪੇ ਕਹਿੰਨੇ ਹੁੰਨੇ ਓ, ਬਈ ਜਿੱਦਣ ਆਲੂ ਪਕੌੜਿਆਂ ਦੀ 'ਸਬਜ਼ੀ' ਬਣੀ ਹੋਵੇ, ਉਦਣ ਮੈਂ ਰੋਟੀ ਵੱਧ ਖਾ ਜਾਨੈਂ। ਅੱਜ ਆਪਾਂ ਆਲੂ ਪਕੌੜਿਆਂ ਦੀ 'ਸਬਜ਼ੀ' ਬਣਾਈ ਐ, ਬਹੁਤੇ ਬਹਾਨੇ ਨਾ ਬਣਾਓ ਹੁਣ, ਕਰੋ ਬੁੱਕ ਮੈਂ ਪਾਣੀ ਪਾਵਾਂ।' ਮੈਂ ਹੁਕਮ ਦੇਣ ਵਾਂਗ ਬੋਲੀ ਸੀ। ਖੌਰੇ ਬਾਬਾ ਜੀ ਨੂੰ ਮੇਰੇ 'ਤੇ ਤਰਸ ਆ ਗਿਆ, ਜਾਂ ਉਨ੍ਹਾਂ ਕੁਝ ਹੋਰ ਸੋਚਿਆ ਹੋਵੇਗਾ, ਉਨ੍ਹਾਂ ਨੇ ਆਪਣਾ ਬੁੱਕ ਮੇਰੇ ਅੱਗੇ ਕਰ ਦਿੱਤਾ। ਹੱਥ ਧੁਆ ਕੇ ਮੈਂ ਰੋਟੀ ਵਾਲੀ ਥਾਲੀ ਬਾਬਾ ਜੀ ਦੇ ਮੂਹਰੇ ਰੱਖ ਦਿੱਤੀ। ਸਾਰੇ ਪਰਵਾਰ ਲਈ ਇਹ ਪਲ ਸ਼ਾਇਦ ਬਹੁਤ ਤਣਾਅ ਭਰੇ ਸਨ। ਸਭ ਦੀਆਂ ਨਜ਼ਰਾਂ ਸਾਡੇ ਵੱਲ ਸਨ। ਮੇਰਾ ਖਦਸ਼ਾ ਸੀ ਕਿ ਪਿਤਾ ਜੀ ਮੈਨੂੰ ਘੂਰਨਗੇ ਅਤੇ ਕੁੱਟ ਵੀ ਜ਼ਰੂਰ ਪਵੇਗੀ, ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਮੈਂ ਉਨ੍ਹਾਂ ਨੂੰ ਮਿੰਨਾ-ਮਿੰਨਾ ਮੁਸਕਰਾਉਂਦੇ ਦੇਖਿਆ। ਉਨ੍ਹਾਂ ਮੈਨੂੰ ਕੁਝ ਵੀ ਨਹੀਂ ਸੀ ਕਿਹਾ। ਉਨ੍ਹਾਂ ਦਾ ਗੁੱਸਾ ਉਡ ਪੁੱਡ ਚੁੱਕਾ ਸੀ।

ਅੱਜ ਅਸੀਂ ਦੇਖਦੇ ਹਾਂ ਕਿ ਬਜ਼ੁਰਗਾਂ ਦੀ ਬੇਕਦਰੀ ਹੋ ਰਹੀ ਹੈ। ਮਾਂ ਬਾਪ ਤਾਂ ਜੋ ਕਰਦੇ ਹਨ, ਕਿਸੇ ਤੋਂ ਲੁਕਿਆ ਹੋਇਆ ਨਹੀਂ, ਪਰ ਪੋਤੇ-ਪੋਤੀਆਂ, ਦਾਦੇ-ਦਾਦੀਆਂ ਦੀ ਬੇਇੱਜ਼ਤੀ ਕਰਨ ਵਿੱਚ ਮਾਂ ਬਾਪ ਤੋਂ ਵੀ ਚਾਰ ਰੱਤੀਆਂ ਮੂਹਰੇ ਹਨ। ਕਾਸ਼! ਮੇਰੀ ਇਹ ਲਿਖਤ ਉਹ ਜ਼ਰੂਰ ਪੜ੍ਹ ਲੈਣ ਜੋ ਉਸ ਸਮੇਂ ਮੇਰੀ ਉਮਰ ਦੇ ਦੇ ਹਨ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment


(416) 970-5005

Century 21 President Realty Inc Brokerage

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਕਿੱਥੇ ਟਿਕੀਆਂ ਹਨ ਸਿਹਤਮੰਦ ਸਮਾਜ ਦੇ ਚਾਹਵਾਨਾਂ ਦੀ ਅੱਖਾਂ



ਜਤਿੰਦਰ ਪੰਨੂ

ਪੰਜਾਬ ਭਾਰਤ ਦਾ ਹਿੱਸਾ ਹੈ। ਇਸ ਲਈ ਜੋ ਕੁਝ ਭਾਰਤ ਵਿੱਚ ਹੁੰਦਾ ਹੈ, ਉਹ ਪੰਜਾਬ ਵਿੱਚ ਵੀ ਹੋਣਾ ਹੈ, ਪੰਜਾਬ ਵਿੱਚ ਜੋ ਕੁਝ ਵਾਪਰਦਾ ਹੈ, ਉਸ ਦਾ ਭਾਰਤ ਉੱਤੇ ਓਨਾ ਅਸਰ ਕਦੇ ਨਹੀਂ ਪੈ ਸਕਦਾ। ਜਦੋਂ ਬਾਰਾਂ ਸਾਲਾਂ ਤੱਕ ਪੰਜਾਬ ਦੇ ਲੋਕ ਸਹਿਮੇ ਹੋਏ ਸਨ ਅਤੇ ਉਨ੍ਹਾਂ ਨੂੰ ਦੂਸਰੇ ਦਿਨ ਦਾ ਸੂਰਜ ਵੇਖਣ ਦਾ ਯਕੀਨ ਤੱਕ ਨਹੀਂ ਸੀ ਹੁੰਦਾ, ਬਾਕੀ ਭਾਰਤ ਵਿੱਚ ਜ਼ਿੰਦਗੀ ਓਦੋਂ ਆਮ ਤੌਰ ਉੱਤੇ ਬਿਨਾਂ ਕਿਸੇ ਵੱਡੇ ਡੋਕੋ-ਡੋਲੇ ਤੋਂ ਸਹਿਜ ਨਾਲ ਤੁਰਦੀ ਸੀ। ਕਦੇ-ਕਦਾਈ ਕੋਈ ਵਾਰਦਾਤ ਹੋ ਜਾਂਦੀ ਤਾਂ ਉਸ ਦਾ ਸਹਿਮ ਚਾਰ ਦਿਨ ਉਸ ਖਾਸ ਖੇਤਰ ਵਿੱਚ ਰਹਿੰਦਾ ਸੀ, ਬਾਕੀ ਦੇਸ਼ ਨੂੰ ਉਸ ਤੋਂ ਵੀ ਬਹੁਤਾ ਪ੍ਰਭਾਵ ਪਿਆ ਨਹੀਂ ਸੀ ਵੇਖਿਆ ਜਾਂਦਾ। ਇਸ ਦੇ ਉਲਟ ਜਦੋਂ ਭਾਰਤ ਵਿੱਚ ਕੁਝ ਵੀ ਵਾਪਰਦਾ ਹੈ ਤਾਂ ਪੰਜਾਬ ਉੱਤੇ ਅਸਰ ਘੱਟ ਜਾਂ ਵੱਧ ਹਮੇਸ਼ਾ ਪੈਂਦਾ ਹੈ, ਪਰ ਵਾਜਪਾਈ-ਅਡਵਾਨੀ ਵਾਲੀ ਲੀਡਰਸ਼ਿਪ ਵੇਲੇ ਭਾਜਪਾ ਨੇ ਪੰਜਾਬ ਵਿੱਚ ਇੱਕ ਇਹੋ ਜਿਹੀ ਧਿਰ ਆਪਣੇ ਨਾਲ ਪੱਕੀ ਗੰਢ ਲਈ ਸੀ, ਜਿਹੜੀ ਯਾਰਾਂ ਦੀ ਯਾਰੀ ਵੱਲ ਵੇਖਦੀ ਹੈ, ਐਬਾਂ ਵੱਲ ਵੇਖਣ ਦੀ ਲੋੜ ਉਹ ਕਦੇ ਨਹੀਂ ਸਮਝਦੀ। ਇਹ ਧਿਰ ਬਾਦਲ ਪਰਵਾਰ ਦੀ ਜੇਬ ਵਿੱਚ ਪੈ ਚੁੱਕਾ ਅਕਾਲੀ ਦਲ ਹੈ। ਅਕਾਲੀ ਦਲ ਦੇ ਆਗੂ ਬੜੇ ਮਾਣ ਨਾਲ ਆਖਦੇ ਹਨ ਕਿ ਉਹ ਭਾਜਪਾ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਪੱਕੀ ਭਾਈਵਾਲ ਧਿਰ ਹਨ ਤੇ ਔਖੇ ਤੋਂ ਔਖੇ ਹਾਲਾਤ ਵਿੱਚ ਵੀ ਉਨ੍ਹਾਂ ਨੇ ਕਦੀ ਭਾਜਪਾ ਦਾ ਸਾਥ ਨਹੀਂ ਛੱਡਿਆ। ਏਨੀ ਪਤੀ-ਵਰਤਾ ਵਫਾ ਦਾ ਪ੍ਰਗਟਾਵਾ ਕਰਨ ਵਾਲੇ ਇਸ ਦਲ ਲਈ ਪੰਜਾਬ ਓਨਾ ਮਹੱਤਵ ਪੂਰਨ ਨਹੀਂ, ਜਿੰਨਾ ਭਾਜਪਾ ਨਾਲ ਰਹਿ ਕੇ ਕੇਂਦਰੀ ਰਾਜ ਵਿੱਚੋਂ ਹਿੱਸਾ-ਪੱਤੀ ਲੈਣਾ ਹੈ।

ਇਸ ਵਕਤ ਭਾਰਤ ਇੱਕ ਬੜੇ ਨਾਜ਼ਕ ਮੋੜ ਉੱਤੇ ਹੈ। ਇਨ੍ਹਾਂ ਚੋਣਾਂ ਵਿੱਚ ਜਿੱਦਾਂ ਦੇ ਸੰਕੇਤ ਮਿਲਦੇ ਹਨ, ਉਨ੍ਹਾਂ ਦਾ ਸਿੱਧਾ ਜ਼ਿਕਰ ਕਰਨ ਤੋਂ ਵੱਡੇ-ਵੱਡੇ ਲੇਖਕ ਵੀ ਝਿਜਕਦੇ ਹਨ ਤੇ ਵਲਾਵੇਂ ਪਾ ਕੇ ਆਪਣੀ ਗੱਲ ਕਹਿੰਦੇ ਹਨ ਕਿ ਮਈ ਲੰਘ ਜਾਣ ਪਿੱਛੋਂ ਕੀ ਕੁਝ ਵਾਪਰਨ ਦਾ ਡਰ ਹੈ, ਇਹ ਅਜੋਕੇ ਭਾਰਤ ਦੀ ਹਕੀਕੀ ਹਾਲਤ ਹੈ। ਜਦੋਂ ਵੀ ਪੀ ਸਿੰਘ ਦੀ ਚੜ੍ਹਤ ਦੇ ਸਮੇਂ ਕੁਝ ਸਾਧੂ ਤੇ ਸਾਧਵੀਆਂ ਨੂੰ ਲਾਲ ਕ੍ਰਿਸ਼ਨ ਅਡਵਾਨੀ ਦੇ ਦਬਾਅ ਹੇਠ ਵਾਜਪਾਈ ਸਮੇਤ ਭਾਜਪਾ ਦੀ ਸਾਰੇ ਦੇਸ਼ ਦੀ ਲੀਡਰਸ਼ਿਪ ਨੇ ਅੱਗੇ ਲਿਆਂਦਾ ਸੀ, ਓਦੋਂ ਹੀ ਅਗਲਾ ਦੌਰ ਸਮਝ ਆਉਣ ਲੱਗ ਪਿਆ ਸੀ, ਪਰ ਅਮਰੀਕੀ ਰਾਜਦੂਤ ਨਾਲ ਗੱਲਬਾਤ ਦੌਰਾਨ ਗੋਵਿੰਦਾਚਾਰੀਆ ਦੇ ਸ਼ਬਦਾਂ ਨੇ ਕੁਝ ਸਮਾਂ ਅਟਕਾ ਦਿੱਤਾ ਸੀ। ਗੋਵਿੰਦਾਚਾਰੀਆ ਨੇ ਓਦੋਂ ਵਾਜਪਾਈ ਨੂੰ ਆਪਣੀ ਪਾਰਟੀ ਦਾ 'ਮੁੱਖ ਨਹੀਂ, ਸਿਰਫ ਮੁਖੌਟਾ' ਕਹਿ ਦਿੱਤਾ ਸੀ ਤੇ ਇਸ ਨਾਲ ਵਾਜਪਾਈ ਧੜਾ ਏਨਾ ਭੜਕ ਗਿਆ ਕਿ ਗੋਵਿੰਦਾਚਾਰੀਆ ਨੂੰ ਪਾਰਟੀ ਵਿੱਚੋਂ ਕੱਢਣ ਦੇ ਨਾਲ ਉਹੋ ਜਿਹੀ ਸੋਚ ਵੀ ਕਈ ਸਾਲਾਂ ਲਈ ਦੱਬੀ ਗਈ ਸੀ।

ਓਦੋਂ ਵਾਲੀ ਸੋਚ ਅੱਜ ਨਿਸਾਰੇ ਉੱਤੇ ਹੈ। ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਚੁਣਨ ਦੇ ਲਈ ਯੋਗੀ ਆਦਿਤਿਆਨਾਥ ਦਾ ਗੁਣਾ ਐਵੇਂ ਨਹੀਂ ਪਿਆ ਸੀ। ਯੋਗੀ ਉਮਾ ਭਾਰਤੀ ਨਾਲੋਂ ਵੱਧ ਉਹ ਕੰਮ ਕਰ ਸਕਦਾ ਹੈ, ਜਿਨ੍ਹਾਂ ਲਈ ਕਿਸੇ ਵੇਲੇ ਉਮਾ ਭਾਰਤੀ ਨੂੰ ਅੱਗੇ ਲਿਆਂਦਾ ਸੀ। ਅੱਜ ਸਾਧਵੀ ਪ੍ਰਗਿਆ ਸਿੰਘ ਅੱਗੇ ਲਾਈ ਗਈ ਹੈ, ਜਿਹੜੀ ਉਸ ਵੇਲੇ ਉਮਾ ਭਾਰਤੀ ਦੇ ਨਾਲ ਉਭਾਰੀ ਗਈ ਸਾਧਵੀ ਰਿਤੰਬਰਾ ਨਾਲੋਂ ਵੱਧ ਉਸ ਸੋਚ ਨੂੰ ਅੱਗੇ ਵਧਾਉਣ ਲਈ ਕਾਹਲੀ ਹੈ। ਹਰ ਥਾਂ ਇਹ ਜਿਹੇ ਲੋਕ ਨਹੀਂ ਮਿਲਦੇ। ਇਸ ਲਈ ਆਸਾਮ ਦੇ ਮੁੱਖ ਮੰਤਰੀ ਵਾਂਗ ਕਾਂਗਰਸ ਦੀ ਦਿੱਤੀ ਬੁਰਕੀ ਚੱਬ ਚੁੱਕੇ ਅਤੇ ਸੱਤਾ ਸੁਖ ਮਾਨਣ ਲਈ ਭਾਜਪਾ ਵਿੱਚ ਆਏ ਕਈ ਆਗੂ ਇਸ ਸੋਚ ਨਾਲ ਸਹਿਮਤ ਨਾ ਹੋਣ ਦੇ ਬਾਵਜੂਦ ਇਸ ਸੋਚ ਦੇ ਸਭ ਤੋਂ ਵੱਡੇ ਝੰਡਾ ਬਰਦਾਰ ਬਣੇ ਦਿਖਾਈ ਦੇਂਦੇ ਹਨ। ਕਿਸੇ ਸਮੇਂ ਆਰ ਐੱਸ ਐੱਸ ਨਾਲ ਰਾਜਸੀ ਪਾਰਟੀਆਂ ਦੇ ਸੰਬੰਧਾਂ ਦਾ ਤਿੱਖਾ ਵਿਰੋਧ ਕਰਨ ਵਾਲਾ ਬਹੁਗੁਣਾ ਪਰਵਾਰ ਵੀ ਭਾਜਪਾ ਵਿੱਚ ਹੈ ਤੇ ਅਯੁੱਧਿਆ ਦੀ ਬਾਬਰੀ ਮਸਜਿਦ ਢਾਹੇ ਜਾਣ ਵਿਰੁੱਧ ਪਾਰਲੀਮੈਂਟ ਵਿੱਚ ਰੌਲੀ ਪਾਉਣ ਵਾਲਾ ਸਰਦਾਰ ਆਹਲੂਵਾਲੀਆ ਉਨ੍ਹਾਂ ਦਾ ਕਾਰਿੰਦਾ ਬਣ ਚੁੱਕਾ ਹੈ। ਪੰਜਾਬ ਦਾ ਅਕਾਲੀ ਦਲ ਵੀ ਸੱਤਾ ਸੁਖ ਲਈ ਹਰ ਹੱਦ ਟੱਪਣ ਵਾਲੀ ਧਿਰ ਹੈ। ਉਨ੍ਹਾਂ ਦਾ ਸਿੱਖੀ ਲਈ ਪ੍ਰੇਮ ਗੁਰੂ ਕੀ ਗੋਲਕ ਉੱਤੇ ਕਬਜ਼ਾ ਕਰੀ ਰੱਖਣ ਤੱਕ ਸੀਮਤ ਹੈ, ਤਖਤਾਂ ਦੇ ਜਥੇਦਾਰਾਂ ਨੂੰ ਉਹ ਆਪਣੇ ਘਰ ਦੇ ਨਿੱਜੀ ਨੌਕਰਾਂ ਤੋਂ ਵੱਧ ਫੁਰਤੀ ਨਾਲ ਬਦਲ ਦੇਣ ਦਾ ਫਾਰਮੂਲਾ ਵਰਤਦੇ ਹਨ ਅਤੇ ਏਸੇ ਲਈ ਧਾਰਮਿਕ ਹਸਤੀਆਂ ਉਨ੍ਹਾਂ ਅੱਗੇ ਝੁਕ-ਝੁਕ ਜਾਂਦੀਆਂ ਹਨ।

ਇਨ੍ਹਾਂ ਸਥਿਤੀਆਂ ਵਿੱਚ ਪੰਜਾਬ ਦੇ ਲੋਕਾਂ ਨੂੰ ਜ਼ਰਾ ਸੋਚ ਕੇ ਵੋਟ ਦੀ ਪਾਉਣ ਦੀ ਲੋੜ ਹੈ। ਉਹ ਇਸ ਤਰ੍ਹਾਂ ਸੋਚ ਕੇ ਵੋਟ ਪਾਉਣਗੇ ਜਾਂ ਨਹੀਂ, ਇਹ ਤਾਂ ਪਤਾ ਨਹੀਂ, ਪਰ ਇੱਕ ਗੱਲ ਸਾਫ ਹੈ ਕਿ ਇਸ ਵਾਰ ਪੰਜਾਬ ਦਾ ਰਾਜ ਚਲਾਉਣ ਵਾਲੀ ਪਾਰਟੀ ਆਪਣੀ ਜਿੱਤ ਦੇ ਵਹਿਮ ਵਿੱਚ ਬਹੁਤ ਹੈ। ਉਨ੍ਹਾਂ ਦਾ 'ਮਿਸ਼ਨ ਤੇਰਾਂ' ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਉਨ੍ਹਾਂ ਨੇ ਚੋਣ ਨਹੀਂ ਲੜਨੀ, ਤੇਰਾਂ ਸੀਟਾਂ ਵਾਸਤੇ ਆਪਣੇ ਆਗੂ ਨਾਮਜ਼ਦ ਕਰ ਕੇ ਪਾਰਲੀਮੈਂਟ ਵਿੱਚ ਭੇਜਣ ਦਾ ਅਧਿਕਾਰ ਪ੍ਰਾਪਤ ਕੀਤਾ ਹੋਇਆ ਹੋਵੇ। ਹਾਲਾਤ ਉਨ੍ਹਾਂ ਲਈ ਅਣਸੁਖਾਵੇਂ ਬਣਦੇ ਜਾਂਦੇ ਹਨ। ਜਿਸ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੇ ਖੁਦ ਚੋਣ ਲੜਨ ਦੇ ਨਾਲ ਆਪਣੀ ਪਤਨੀ ਨੂੰ ਵੀ ਚੋਣ ਜੰਗ ਵਿੱਚ ਲਿਆ ਕੇ ਮਾਹੌਲ ਦਾ ਨਕਸ਼ਾ ਪਲਟਣ ਦਾ ਯਤਨ ਕੀਤਾ ਹੈ, ਮਾਹਰ ਆਖਦੇ ਹਨ ਕਿ ਇਹ ਫੈਸਲਾ ਕਰਨ ਤੋਂ ਪਹਿਲਾਂ ਵੀ ਭਾਜਪਾ ਦੇ ਆਗੂਆਂ ਨਾਲ ਬਾਕਾਇਦਾ ਸਲਾਹ ਕਰ ਲਈ ਹੋਵੇਗੀ। ਮਾਹਰ ਕਿੰਨਾ ਕੁ ਠੀਕ ਹਨ ਤੇ ਕਿੰਨਾ ਨਹੀਂ, ਇਸ ਬਾਰੇ ਅਸੀਂ ਕਹਿ ਨਹੀਂ ਸਕਦੇ, ਪਰ ਇੱਕ ਗੱਲ ਪੱਕੀ ਹੈ ਕਿ ਅਕਾਲੀ ਦਲ ਦੇ ਜਿੰਨੇ ਵੀ ਉਮੀਦਵਾਰ ਜਿੱਤਣਗੇ, ਉਹ ਸਿਰਫ ਕਹਿਣ ਨੂੰ ਅਕਾਲੀ ਹੋਣਗੇ, ਉਂਝ ਦਿੱਲੀ ਦੇ ਮਨਜਿੰਦਰ ਸਿੰਘ ਸਿਰਸੇ ਵਾਂਗ ਓਥੇ ਪਹੁੰਚ ਕੇ 'ਮੇਕ ਇਨ ਇੰਡੀਆ' ਦੀ ਮੋਹਰ ਵਾਲੇ ਗਿਣੇ ਜਾਣਗੇ ਅਤੇ ਏਨੇ ਪੱਕੇ ਚੇਲੇ ਬਣਨ ਦਾ ਯਤਨ ਕਰਨਗੇ ਕਿ ਸ਼ਿਵ ਸੈਨਾ ਵਾਲਿਆਂ ਵਾਂਗ ਬੁੜਬੁੜ ਵੀ ਨਹੀਂ ਕਰਨਗੇ। ਇਸ ਦੇ ਸਿੱਟੇ ਵਜੋਂ ਭਾਰਤ ਦਾ ਭਵਿੱਖ ਇਸ ਉੱਤੇ ਨਿਰਭਰ ਕਰੇਗਾ ਕਿ ਅਣਖ ਨਾਲ ਆਪਣਾ ਸਿਰ ਚੁੱਕ ਕੇ ਗੱਲ ਕਰਨ ਵਾਲੇ ਕਿੰਨੇ ਕੁ ਜਿੱਤਦੇ ਹਨ ਤੇ ਇਸ ਲੋੜ ਦੀ ਪੂਰਤੀ ਲਈ ਜਿਹੜੀਆਂ ਧਿਰਾਂ ਚੋਣ ਮੈਦਾਨ ਵਿੱਚ ਹਨ, ਸਿਹਤਮੰਦ ਸਮਾਜ ਦੇ ਚਾਹਵਾਨਾਂ ਦੀਆਂ ਨਜ਼ਰਾਂ ਉਨ੍ਹਾਂ ਉੱਤੇ ਹੀ ਟਿਕੀਆਂ ਹੋਈਆਂ ਹਨ, ਸਿਰਫ ਉਨ੍ਹਾਂ ਉੱਤੇ ਹੀ, ਬਾਕੀ ਸਭ ਤਾਂ ਚੱਲਦਿਆਂ ਨਾਲ ਚੱਲਣ ਵਾਲੇ ਬਣੀ ਜਾ ਰਹੇ ਹਨ।

# ਮਾਲੇਗਾਓਂ ਕੇਸ, ਸਾਧਵੀ ਪ੍ਰੱਗਿਆ ਤੇ ਕਰਕਰੇ

-ਅਮਨਦੀਪ ਸਿੰਘ ਸੇਖੋਂ

ਜੇ ਤੁਸੀਂ ਕੇਂਦਰ ਵਿਚਲੀ ਸੱਤਾਧਾਰੀ ਪਾਰਟੀ ਜਾਂ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੀ ਭਾਸ਼ਾ ਨਹੀਂ ਬੋਲਦੇ ਤਾਂ ਤੁਹਾਨੂੰ ਆਪਣੀ ਦੇਸ਼ਭਗਤੀ ਸਾਬਤ ਕਰਨੀ ਪਵੇਗੀ। ਹੇਮੰਤ ਕਰਕਰੇ 26 ਨਵੰਬਰ 2008 ਦੀ ਰਾਤ ਨੂੰ ਅੱਤਵਾਦੀਆਂ ਦਾ ਮੁਕਾਬਲਾ ਕਰਦੇ ਸ਼ਹੀਦ ਹੋਇਆ ਅਤੇ ਅਗਲੀ ਸਵੇਰ ਸ਼ਿਵ ਸੈਨਾ ਨੇ ਉਸ ਦੀ ਤਸਵੀਰ ਨਾਲ ਆਪਣੇ ਨੇਤਾਵਾਂ ਦੀ ਤਸਵੀਰ ਵਾਲਾ ਬੈਨਰ ਲਾ ਦਿੱਤਾ, ਪਰ ਇਸ ਤੋਂ ਪਹਿਲਾਂ 26/11 ਦੀ ਸਵੇਰ ਵੇਲੇ ਸ਼ਿਵ ਸੈਨਾ ਦੇ ਅਖਬਾਰ 'ਸਾਮਨਾ' ਵਿੱਚ ਕਰਕਰੇ ਅਤੇ ਉਸ ਦੇ ਪਰਵਾਰ ਨੂੰ ਛਿੱਤਰ ਮਾਰ ਕੇ ਸਹੀ ਰਾਹ ਉਤੇ ਲਿਆਉਣ ਦੀ ਧਮਕੀ ਦਿੱਤੀ ਗਈ ਸੀ। ਓਦੋਂ ਦੇ ਭਾਜਪਾ ਦੇ ਮੁਖੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਕਰਕਰੇ ਦੀ ਪਤਨੀ ਨੇ ਅਫਸੋਸ ਕਰਨ ਲਈ ਆਉਣ ਤੋਂ ਮਨ੍ਹਾ ਕਰ ਦਿੱਤਾ। ਗੁਜਰਾਤ ਦੇ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਦੋ ਕਰੋੜ ਰੁਪਏ ਦੀ ਮਦਦ ਰਾਸ਼ੀ ਵੀ ਉਸ ਬਹਾਦਰ ਔਰਤ ਨੇ ਠੁਕਰਾ ਦਿੱਤੀ, ਕਿਉਂਕਿ ਜਿਹੋ ਜਿਹੀ ਭਾਸ਼ਾ ਪ੍ਰੱਗਿਆ ਸਿੰਘ ਠਾਕੁਰ ਨੇ ਕਰਕਰੇ ਲਈ ਵਰਤੀ ਹੈ, ਉਹੋ ਜਿਹੀ ਭਾਸ਼ਾ ਦੀ ਵਰਤੋਂ ਭਾਜਪਾ ਦੇ ਇਹ ਨੇਤਾ ਹੇਮੰਤ ਕਰਕਰੇ ਲਈ ਉਹਦੇ ਸ਼ਹੀਦ ਹੋਣ ਤੋਂ ਪਹਿਲਾਂ ਵਰਤਦੇ ਰਹੇ ਸਨ।

26 ਨਵੰਬਰ 2008 ਦੀ ਘਟਨਾ ਵਿੱਚ ਸ਼ਹੀਦ ਹੋਣ ਤੋਂ ਪਹਿਲਾਂ ਕਰਕਰੇ ਸੰਘਵਾਦੀ ਤਾਕਤਾਂ ਦੀ ਗਲੇ ਦੀ ਹੱਡੀ ਬਣਿਆ ਪਿਆ ਸੀ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮੁਸਲਿਮ ਬਹੁਗਿਣਤੀ ਵਾਲੇ ਕਸਬੇ ਮਾਲੇਗਾਓਂ ਵਿੱਚ ਦੋ ਬੰਬ ਧਮਾਕੇ ਹੋਏ, ਜਿਨ੍ਹਾਂ ਵਿੱਚ 9 ਜਣੇ ਮਾਰੇ ਗਏ ਤੇ 80 ਜ਼ਖਮੀ ਹੋਏ ਸਨ। ਇਨ੍ਹਾਂ ਵਿੱਚੋਂ ਇਕ ਧਮਾਕੇ ਵਿੱਚ ਵਰਤੀ ਮੋਟਰ ਸਾਈਕਲ ਪ੍ਰੱਗਿਆ ਠਾਕੁਰ ਦੀ ਸੀ। ਮਹਾਰਾਸ਼ਟਰ ਪੁਲਸ ਦੇ ਐਂਟੀ ਟੈਰਰਿਸਟ ਸਕੁਐਡ ਦਾ ਮੁਖੀ ਹੇਮੰਤ ਕਰਕਰੇ ਸੀ। ਉਸ ਦਿਨ ਕੀਤੀਆਂ ਗਈਆਂ ਹਜ਼ਾਰਾਂ ਟੈਲੀਫੋਨ ਕਾਲਾਂ ਵਿੱਚੋਂ ਇਕ ਕਾਲ ਪ੍ਰੱਗਿਆ ਠਾਕੁਰ ਦੀ ਸੀ, ਜਿਸ ਵਿੱਚ ਉਹ ਦੂਸਰੇ ਸ਼ਖਸ ਨੂੰ ਡਾਂਟਦੀ ਹੈ ਕਿ ਉਸ ਦੀ ਮੋਟਰ ਸਾਈਕਲ ਕਿਉਂ ਵਰਤੀ, ਤੇ ਜੇ ਵਰਤੀ ਸੀ ਤਾਂ ਸਿਰਫ ਛੇ ਕਿਉਂ ਮਰੇ? ਇਸ ਤੋਂ ਪਿੱਛੋਂ ਪ੍ਰੱਗਿਆ ਠਾਕੁਰ ਅਤੇ ਉਸ ਨਾਲ ਗੱਲ ਕਰਨ ਵਾਲੇ ਹੋਰ ਫੋਨਾਂ ਦੀ ਟੈਪਿੰਗ ਸ਼ੁਰੂ ਹੋਈ ਤੇ ਕੁੱਲ 440 ਮਿੰਟ ਦੇ ਫੋਨ ਰਿਕਾਰਡ ਸਬੂਤ ਵਜੋਂ ਵਰਤੇ ਗਏ। 30 ਅਕਤੂਬਰ 2008 ਨੂੰ ਪ੍ਰੱਗਿਆ ਠਾਕੁਰ ਅਤੇ ਛੇ ਹੋਰ ਦੋਸ਼ੀਆਂ ਵਿਰੁੱਧ ਕੇਸ ਫਰੇਮ ਕੀਤੇ ਗਏ। ਇਨ੍ਹਾਂ ਦੇ ਗਰੁੱਪ ਵਿੱਚ ਇਕ ਦਇਆਨੰਦ ਪਾਂਡੇ ਸੀ, ਜਿਸ ਨੂੰ ਗੁਪਤ ਵੀਡੀਓ ਰਿਕਾਰਡਿੰਗ ਕਰਨ ਦੀ ਆਦਤ ਸੀ। ਉਸ ਦੇ ਲੈਪਟੌਪ ਵਿੱਚੋਂ ਇਸ ਕੇਸ ਨਾਲ ਸਬੰਧਤ 34 ਰਿਕਾਰਡਿੰਗਜ਼ ਮਿਲੀਆਂ। ਇਨ੍ਹਾਂ ਰਿਕਾਰਡਿੰਗਜ਼ ਅਤੇ ਪੁਲਸ ਨੂੰ ਦਿੱਤੇ ਦੋਸ਼ੀਆਂ ਦੇ ਬਿਆਨਾਂ ਨੇ ਇਕ ਵੱਡੇ ਅੱਤਵਾਦੀ ਸੰਗਠਨ ਦੀਆਂ ਪਰਤਾਂ ਖੋਲ੍ਹ ਦਿੱਤੀਆਂ ਤੇ ਸਪੱਸ਼ਟ ਹੋ ਗਿਆ ਕਿ ਇਸ ਸਾਜ਼ਿਸ਼ ਦੇ ਦੋਸ਼ੀਆਂ ਦਾ ਸਬੰਧ ਮਾਲੇਗਾਓਂ ਵਿੱਚ 2006 ਅਤੇ 2007 ਵਾਲੇ ਸਮਝੌਤਾ ਐਕਸਪ੍ਰੈਸ ਦੇ ਬੰਬ ਧਮਾਕਿਆਂ ਨਾਲ ਵੀ ਸੀ। ਇਹ ਕੇਸ ਨੰਗੀਆਂ ਤਾਰਾਂ ਦਾ ਗੁੱਛਾ ਸੀ, ਜਿਸ ਨੂੰ ਹੱਥ ਲਾਉਣ ਤੋਂ ਮੌਕੇ ਦੀ ਕਾਂਗਰਸ ਸਰਕਾਰ ਡਰਦੀ ਸੀ। ਉਸ ਨੂੰ ਪਤਾ ਸੀ ਕਿ ਭਾਜਪਾ ਦੇ ਮੂੰਹ-ਫੱਟ ਨੇਤਾ ਇਸ ਕੇਸ ਦੇ ਆਧਾਰ ਉਤੇ ਕਾਂਗਰਸ ਨੂੰ ਹਿੰਦੂ ਵਿਰੋਧੀ ਗਰਦਾਨ ਦੇਣਗੇ, ਜੋ ਅੱਜ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਂਗਰਸ ਉਤੇ ਹਮਲੇ ਕਰਦੇ ਹੋਏ ਆਖਦੇ ਹਨ। ਉਹ ਹਰ ਥਾਂ ਭੀੜ ਨੂੰ ਪੁੱਛਦੇ ਹਨ, 'ਭਾਈਓ, ਬਹਿਨੋਂ, ਕਿਆ ਕੋਈ ਹਿੰਦੂ ਕਭੀ ਆਤੰਕਵਾਦੀ ਹੋ ਸਕਤਾ ਹੈ ਕਿਆ?'

ਕੁਦਰਤੀ ਹੈ ਕਿ ਕਿਸੇ ਵੀ ਧਰਮ ਦੇ ਲੋਕਾਂ ਨੂੰ ਆਤੰਕਵਾਦ ਨੂੰ ਆਪਣੇ ਧਰਮ ਨਾਲ ਜੋੜਿਆ ਜਾਣਾ ਪਸੰਦ ਨਹੀਂ। ਸਿੱਖ ਵੀ ਇਸੇ ਤਰ੍ਹਾਂ ਮਹਿਸੂਸ ਕਰਦੇ ਸਨ, ਜਦੋਂ 'ਸਿੱਖ ਅੱਤਵਾਦ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਮੁਸਲਮਾਨ ਵੀ ਏਦਾਂ ਮਹਿਸੂਸ ਕਰਦੇ ਹਨ, ਜਦੋਂ 'ਮੁਸਲਿਮ ਅੱਤਵਾਦ' ਜਾਂ 'ਇਸਲਾਮੀ ਅੱਤਵਾਦ' ਸ਼ਬਦ ਵਰਤੇ ਜਾਂਦੇ ਹਨ। ਭਾਜਪਾ ਦਾ ਮੂੰਹ ਚਿੜਾਉਣ ਲਈ ਕੁਝ ਲੋਕਾਂ ਨੇ ਹਿੰਦੂ ਅੱਤਵਾਦੀ ਸ਼ਬਦ ਦੀ ਵਰਤੋਂ ਕੀਤੀ, ਕਿਉਂਕਿ ਭਾਜਪਾ ਲੀਡਰ ਇਹ ਵਾਰ-ਵਾਰ ਆਖਦੇ ਸਨ, 'ਹਰ ਮੁਸਲਮਾਨ ਅੱਤਵਾਦੀ ਨਹੀਂ, ਪਰ ਹਰ ਅੱਤਵਾਦੀ ਮੁਸਲਮਾਨ ਹੈ।' ਪ੍ਰੱਗਿਆ ਠਾਕੁਰ ਤੇ ਉਸ ਦੇ ਸਾਥੀ ਅਤੇ ਉਨ੍ਹਾਂ ਦੀਆਂ ਸਰਪ੍ਰਸਤ ਸਨਾਤਨ ਸੰਸਥਾ ਤੇ ਅਭਿਨਵ ਭਾਰਤ ਵਰਗੀਆਂ ਸੰਸਥਾਵਾਂ ਹਿੰਦੂਤਵ ਦੀ ਵਿਚਾਰਧਾਰਾ ਦੀਆਂ ਧਾਰਨੀ ਸਨ ਅਤੇ ਕਿਸੇ ਵੀ ਤਰ੍ਹਾਂ ਮੁਸਲਮਾਨ ਨਹੀਂ ਸਨ। ਇਸ ਨਾਲ ਸਾਬਤ ਹੁੰਦਾ ਸੀ ਕਿ ਸਾਰੇ ਅੱਤਵਾਦੀ ਮੁਸਲਮਾਨ ਨਹੀਂ ਹੁੰਦੇ, ਕਈ ਹਿੰਦੂ ਵੀ ਅੱਤਵਾਦੀ ਹੁੰਦੇ ਹਨ। ਇਸ ਸੱਚਾਈ ਤੋਂ ਭਾਜਪਾ, ਆਰ ਐਸ ਐਸ ਅਤੇ ਸ਼ਿਵ ਸੈਨਾ ਭੱਜਣਾ ਚਾਹੁੰਦੇ ਤੇ ਕੇਸ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ। ਦੂਜੇ ਪਾਸੇ ਹੇਮੰਤ ਕਰਕਰੇ ਬੜਾ ਇਮਾਨਦਾਰ ਅਧਿਕਾਰੀ ਸੀ ਅਤੇ ਇਸ ਕੇਸ ਦੀ ਪੜਤਾਲ ਤੱਥਾਂ ਦੇ ਆਧਾਰ ਉਤੇ ਕਰ ਰਿਹਾ ਸੀ, ਨਾ ਕਿ ਦੋਸ਼ੀਆਂ ਦੇ ਧਰਮ ਦੇ ਆਧਾਰ ਉਤੇ। ਕਰਕਰੇ ਦੀ ਮੌਤ ਤੱਕ ਕੋਈ ਵੀ ਇਸ ਕੇਸ ਵਿੱਚ ਦਖਲ ਨਹੀਂ ਦੇ ਸਕਿਆ। ਹੇਮੰਤ ਕਰਕਰੇ ਦੀ ਮੌਤ ਤੋਂ ਪਿੱਛੋਂ ਇਹ ਕੇਸ ਪਹਿਲਾਂ ਸੀ ਬੀ ਆਈ ਨੂੰ ਦਿੱਤਾ ਗਿਆ ਅਤੇ ਫਿਰ ਐਨ ਆਈ ਏ (ਨੈਸ਼ਨਲ ਇੰਨਵੈਸਟੀਗੇਟਿਵ ਏਜੰਸੀ) ਨੂੰ। ਸਾਲ 2014 ਵਿੱਚ ਭਾਜਪਾ ਦੀ ਸਰਕਾਰ ਬਣੀ ਤਾਂ ਇਸ ਕੜੀ ਦੇ ਸਾਰੇ ਕੇਸਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣ ਲੱਗੀਆਂ। 2016 ਵਿੱਚ ਸਾਫ ਹੋ ਗਿਆ ਸੀ ਕਿ ਸਰਕਾਰੀ ਪੱਖ ਇਨ੍ਹਾਂ ਕੇਸਾਂ ਦੀ ਸਹੀ ਢੰਗ ਨਾਲ ਪੈਰਵੀ ਨਹੀਂ ਕਰ ਰਿਹਾ। ਕੇਸ ਦੇ ਇਕ ਵਿਸ਼ਲੇਸ਼ਕ ਨਿਰੰਜਨ ਟਕਲੇ ਨੇ ਇਸ ਬਾਰੇ ਕਈ ਲੇਖ ਲਿਖੇ ਹਨ ਤੇ ਯੂਟਿਊਬ ਉਤੇ ਉਸ ਦੇ ਲੈਕਚਰ ਵੀ ਪਏ ਹਨ। ਉਹ ਆਖਦਾ ਹੈ ਕਿ ਇਸ ਕੇਸ ਨਾਲ ਸੰਬੰਧਤ ਕਈ ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ। 2016 ਵਿੱਚ ਦੋਸ਼ੀਆਂ ਦੇ ਇਕਬਾਲੀਆ ਬਿਆਨ ਮੁੰਬਈ ਦੀ ਸਪੈਸ਼ਲ ਕੋਰਟ ਤੋਂ ਚੋਰੀ ਹੋ ਗਏ। ਫੋਨ ਕਾਲਾਂ ਦੇ ਰਿਕਾਰਡ ਤੇ ਵੀਡੀਓ ਰਿਕਾਰਡਿੰਗਜ਼ ਨੂੰ ਅਦਾਲਤ ਵਿੱਚ ਸਬੂਤ ਵਜੋਂ ਪੇਸ਼ ਨਹੀਂ ਕੀਤਾ ਗਿਆ, ਕਿਉਂਕਿ ਇਨ੍ਹਾਂ ਵਿੱਚ ਅਜਿਹੇ ਪ੍ਰਭਾਵਸ਼ਾਲੀ ਸ਼ਖਸਾਂ ਬਾਰੇ ਤੱਥ ਜ਼ਾਹਰ ਹੁੰਦੇ ਸਨ, ਜਿਸ ਨਾਲ ਭਾਜਪਾ ਆਰ ਐਸ ਐਸ ਦੀ ਦੇਸ਼ਭਗਤੀ ਦਾ ਮਖੌਟਾ ਲਹਿ ਜਾਂਦਾ। ਨਿਰੰਜਨ ਟਕਲੇ ਆਖਦਾ ਹੈ ਕਿ ਕਈ ਗੱਲਾਂ ਹੋਰ ਜਾਂਚ ਦੀ ਮੰਗ ਕਰਦੀਆਂ ਹਨ।

ਅੱਜ ਪ੍ਰੱਗਿਆ ਠਾਕੁਰ ਬੜੀ ਵੱਡੀ ਦੇਸ਼ਭਗਤ ਬਣ ਰਹੀ ਹੈ, ਪਰ ਨਿਰੰਜਨ ਟਕਲੇ ਦਾ ਕਹਿਣਾ ਹੈ ਕਿ ਵੀਡੀਓ ਰਿਕਾਰਡਿੰਗਾਂ ਵਿੱਚ ਇਨ੍ਹਾਂ ਦੀ ਸੰਸਥਾ ਭਾਰਤ ਦੇ ਸੰਵਿਧਾਨ ਨੂੰ ਉਲਟਾ ਕੇ ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਗੱਲ ਕਰਦੀ ਹੈ। ਫਿਰ ਦੇਸ਼ ਧ੍ਰੋਹੀ ਕੌਣ ਹੈ। ਹੇਮੰਤ ਕਰਕਰੇ, ਜੋ ਇਸ ਸਾਜ਼ਿਸ਼ ਨੂੰ ਨੰਗਾ ਕਰਦਾ ਹੈ ਜਾਂ ਪ੍ਰੱਗਿਆ ਠਾਕੁਰ ਅਤੇ ਇਸ ਦੇ ਸਾਥੀ, ਜੋ ਦੇਸ਼ ਦਾ ਸੰਵਿਧਾਨਕ ਢਾਂਚਾ ਖਤਮ ਕਰਨਾ ਲੋਚਦੇ ਹਨ? ਪ੍ਰੱਗਿਆ ਠਾਕੁਰ ਨੂੰ ਭਾਜਪਾ ਨੇ ਆਪਣੇ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਲਿਆਂਦਾ ਹੈ, ਜਦ ਕਿ ਕੋਰਟ ਨੇ ਪ੍ਰੱਗਿਆ ਨੂੰ ਕੇਸ ਤੋਂ ਬਰੀ ਨਹੀਂ ਕੀਤਾ, ਕਿਉਂਕਿ ਇਸ ਧਮਾਕੇ ਵਿੱਚ ਉਸ ਦੇ ਮੋਟਰ ਸਾਈਕਲ ਦੀ ਵਰਤੋਂ ਬਾਰੇ ਕੋਈ ਪੁਖਤਾ ਜਵਾਬ ਪੇਸ਼ ਨਹੀਂ ਸੀ ਕੀਤਾ ਜਾ ਸਕਿਆ। ਪ੍ਰੱਗਿਆ ਨੇ ਆਪਣੀਆਂ ਦੈਵੀ ਸ਼ਕਤੀਆਂ ਦਾ ਵੀ ਖੁਲਾਸਾ ਕੀਤਾ ਹੈ ਕਿ ਉਸ ਦੇ ਸਰਾਪ ਨਾਲ ਹੇਮੰਤ ਕਰਕਰੇ ਦੀ ਮੌਤ ਹੋਈ ਹੈ। ਕੀ ਉਹ ਆਪਣੇ ਸਰਾਪ ਕਾਰਨ ਹੋਏ ਇਸ ਹਮਲੇ ਵਿੱਚ ਮਰੇ 174 ਹੋਰ ਲੋਕਾਂ ਦੀ ਮੌਤ ਦੀ ਵੀ ਜ਼ਿੰਮੇਵਾਰੀ ਲਵੇਗੀ? ਧੰਨ ਹਨ ਉਸ ਨਾਲ ਸਟੇਜ ਉਤੇ ਬੈਠੇ ਭਾਜਪਾ ਲੀਡਰ, ਜੋ ਉਸ ਦੀ ਗੱਲ ਉਤੇ ਤਾੜੀਆਂ ਵਜਾ ਰਹੇ ਸਨ।

ਇਹ ਤਾੜੀਆਂ ਸਾਡੀ ਸੋਚ ਉਤੇ ਠਾਹ-ਠਾਹ ਕਰਕੇ ਵੱਜਣੀਆਂ ਚਾਹੀਦੀਆਂ ਹਨ, ਕਿਉਂਕਿ ਅਸੀਂ ਇਕ ਵਿਅਕਤੀ ਬਣ ਕੇ ਨਹੀਂ, ਇਕ ਧਿਰ ਬਣ ਕੇ ਸੋਚਦੇ ਹਾਂ ਅਤੇ ਆਪਣੀ ਧਿਰ ਦੀ ਗਲਤ ਗੱਲ ਨੂੰ ਵੀ ਜਾਇਜ਼ ਠਹਿਰਾਉਣ ਤੱਕ ਜਾਂਦੇ ਹਾਂ। ਇਨ੍ਹਾਂ ਰੁਝਾਨਾਂ ਤੋਂ ਬਚਦੇ ਹੋਏ ਸਾਨੂੰ ਗਲਤ ਨੂੰ ਗਲਤ ਕਹਿਣ ਅਤੇ ਇਕ ਸਮੂਹ ਦੀ ਥਾਂ ਇਕ ਵਿਅਕਤੀ ਵਜੋਂ ਸੋਚਣ ਦੀ ਆਦਤ ਪਾਉਣੀ ਚਾਹੀਦਾ ਹੈ। ਨਹੀਂ ਤਾਂ ਸਿਆਸਤਦਾਨ ਸਾਡੇ ਜਾਤੀ ਤੇ ਧਰਮ ਦੇ ਮੁੱਦਿਆਂ ਨਾਲ ਵੋਟਾਂ ਹੂੰਝਦੇ ਰਹਿਣਗੇ ਅਤੇ ਸਾਡੇ ਸਿੱਖਿਆ, ਸਿਹਤ, ਵਾਤਾਵਰਨ ਅਤੇ ਰੁਜ਼ਗਾਰ ਦੇ ਬੁਨਿਆਦੀ ਮੁੱਦਿਆਂ ਦੀ ਕਦੇ ਪਰਵਾਹ ਨਹੀਂ ਕਰਨਗੇ।

SIKH SPORTS CLUB
UNITED SPORTS CLUB
BOYS & GIRLS SOCCER CLUB
YOUTH AGES 2015 - 2002
5 PRACTICE AREAS – WEEKEND GAMES @ DIXIE & 407
BRAMPTON CHERRYTREE & RAYLAWSON
BRAMPTON NORTH BOVAIRD & CHINGUACOUSY RD
GORE CASTLEMORE & GORE RD
MALTON AIRPORT & MORNINGSTAR
SPRINGDALE SANDALWOOD & TORBRAM
REGISTRATION $180
AFTER JUNE 1st REGISTRATION $200
INCLUDED IN REGISTRATION
✓ Uniforms
✓ Soccer Ball
✓ Family Picnic
✓ Trophy
✓ Games All Summer
✓ Training All Summer
FORMS AVAILABLE HERE
GURDWARA SAHIB in person Sun 12-2PM
Sri Guru Singh Sabha Malton 905 671 1662
Sikh Spiritual Centre Rexdale 416 746 6666
Sri Guru Nanak Sikh Centre (Glidden) Brampton 905 457 5757
Sikh Sangat (Van Kirk) Brampton 905 495 1200
Nanaksar Sahib Brampton
RETAILERS
Singh Foods Brampton 905 796 2995
Movie Time Gore 905 913 1113
New City Pizza Bramlea & Country Side 905 792 2700
Gore Meat Shop Brampton 905 913 0689
Khalsa Travel and Tours Springdale 905 799 8800
Doaba Sweets& Restaurant
305 Charolais Blvd 905 450 1455
9705 James Potter Rd 905 216 7951
Asian Food Centre
Chinguacousy/Williams PKWY Sun 12-2PM
VOLUNTEER TO COACH A TEAM. YOUR CHILD PLAYS FREE!
LOOKING FOR VOLUNTEER HOURS? GET THEM FROM US!
REGISTER ONLINE
www.SIKHSPORTSCLUB.com
www.UNITEDSPORTSCLUB.ca
416 744 2999
Follow us on twitter @Sikh_SportsClub or facebook.com/SikhSportsC
Please note: no refunds after uniforms are given



25 Picasso Dr
House for sale in Castlemore
ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative
Dhanwant Gosal
Broker
Dir: 416-562-1176
www.jagrajsekhon.com
Century 21 People's Choice Realty Inc, Brokerage
Dir: 416-277-4153
www.gosalhomes.com



KARTAR FURNITURE
132"
88"
8 Seated Sofa
Email: kartarfurnitue@live.com
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
■ ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Call Rajinder Singh 416.741.9657
69 Westmore Dr. #20 Etobicoke ON, M9V 3Y6

ਝੂਠਾ ਪੁਲਸ ਮੁਕਾਬਲਾ ਕੇਸ

# ਗਵਾਹਾਂ ਨੂੰ ਧਮਕਾਉਣ ਕਾਰਨ ਐਸ ਐਸ ਪੀ ਗੁਰਦਾਸਪੁਰ ਸਮੇਤ ਤਿੰਨ ਅਫਸਰਾਂ ਨੂੰ ਨੋਟਿਸ ਨਿਕਲੇ

ਐਸ ਏ ਐਸ ਨਗਰ, 28 ਅਪ੍ਰੈਲ (ਪੋਸਟ ਬਿਊਰੋ)- ਝੂਠਾ ਪੁਲਸ ਮੁਕਾ-ਬਲਾ ਕੇਸਦੇ ਗਵਾਹ ਨੂੰ ਧਮਕਾਉਣ ਤੇ ਰਾਜ਼ੀਨਾਮੇ ਲਈ ਦਬਾਅ ਪਾਉਣ ਦਾ ਨੋਟਿਸ ਲੈਂਦਿਆਂ ਵਿਸ਼ੇਸ਼ ਸੀ ਬੀ ਆਈ ਅਦਾਲਤ ਦੇ ਜੱਜ ਐਨ ਐਸ ਗਿੱਲ ਨੇ ਸਵਰਨਦੀਪ ਸਿੰਘ ਐਸ ਐਸ ਪੀ ਗੁਰਦਾਸਪੁਰ ਤੇ ਸਾਬਕਾ ਪੁਲਸ ਮੁਲਾਜ਼ਮ ਦਲਜੀਤ ਸਿੰਘ, ਇੰਸਪੈਕਟਰ ਸੁਰਿੰਦਰਪਾਲ ਸਿੰਘ ਅਤੇ ਡੀ ਐਸ ਪੀ ਬਲਦੇਵ ਸਿੰਘ ਸੇਖੋਂ ਨੂੰ ਇਕ ਮਈ ਲਈ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਦੇ ਗਵਾਹ ਮੁਖਤਿਆਰ ਸਿੰਘ ਨੇ ਅਦਾਲਤ ਨੂੰ ਦੱਸਿਆ ਹੈ ਕਿ ਗੁਰਦਾਸਪੁਰ ਦੇ ਐਸ ਐਸ ਪੀ ਨੇ ਉਸ ਨੂੰ ਆਪਣੀ ਰਿਹਾਇਸ਼ ਉਤੇ ਬੁਲਾ ਕੇ ਇਸ ਕੇਸ 'ਚ ਰਾਜ਼ੀਨਾਮਾ ਕਰਨ ਲਈ ਦਬਾਅ ਪਾਇਆ ਤੇ ਕਿਹਾ ਹੈ ਕਿ ਉਸ ਦੀ ਇਹ ਜ਼ਿੰਮੇਵਾਰੀ ਡੀ ਜੀ ਪੀ ਪੰਜਾਬ ਨੇ ਲਾਈ ਹੈ। ਗਵਾਹ ਨੇ ਦੱਸਿਆ ਕਿ ਐਸ ਐਸ ਪੀ ਨੇ ਉਸ ਨੂੰ ਮੋਟੀ ਰਕਮ ਅਤੇ ਪੀੜਤ ਪਰਵਾਰ ਦੇ ਮੈਂਬਰ ਨੂੰ ਪੁਲਸ ਵਿਭਾਗ ਦੀ ਨੌਕਰੀ ਦੀ ਪੇਸ਼ਕਸ਼ ਵੀ ਕੀਤੀ ਤੇ ਕਿਹਾ ਸੀ ਕਿ ਉਹ 24 ਅਪ੍ਰੈਲ 2019 ਨੂੰ ਸੀ ਬੀ ਆਈ ਅਦਾਲਤ ਵਿੱਚ ਗਵਾਹੀ ਦੇਣ ਨਾ ਜਾਵੇ ਤੇ ਝੂਠਾ ਡਾਕਟਰੀ ਸਰਟੀਫਿਕੇਟ ਪੇਸ਼ ਕਰ ਦੇਵੇ ਤਾਂ ਜੋ ਅਗਲੀ ਤਰੀਕ ਤੋਂ ਪਹਿਲਾਂ ਰਾਜ਼ੀਨਾਮਾ ਸਿਰੇ ਚੜ੍ਹ ਸਕੇ। ਅਦਾਲਤ ਵੱਲੋਂ ਗਵਾਹ ਮੁਖਤਿਆਰ ਸਿੰਘ ਵੱਲੋਂ ਦਿੱਤੀ ਦਰਖਾਸਤ ਵਿੱਚ ਐਸ ਐਸ ਪੀ ਦੇ ਰੀਡਰ ਦੇ ਮੋਬਾਈਲ ਦੇ ਵੇਰਵਿਆਂ ਦੇ ਆਧਾਰ ਉਤੇ ਉਸ ਨੂੰ ਤਲਬ ਕੀਤਾ ਹੈ। ਗਵਾਹ ਨੇ ਕਿਹਾ ਕਿ ਦੋਸ਼ੀ ਪੁਲਸ ਮੁਲਾਜ਼ਮ ਦਲਜੀਤ ਸਿੰਘ ਨੇ ਉਸ ਨੂੰ ਫੋਨ ਕਰਕੇ ਕਈ ਵਾਰ ਧਮਕਾਇਆ ਤੇ ਸਾਬਕਾ ਇੰਸਪੈਕਟਰ ਸੁਰਿੰਦਰਪਾਲ ਸਿੰਘ ਨਾਲ ਉਸ ਦੇ ਦਫਤਰ ਆ ਕੇ 60 ਲੱਖ ਰੁਪਏ ਲੈਣ ਤੇ ਨੌਕਰੀ ਬਦਲੇ ਰਾਜ਼ੀਨਾਮਾ ਕਰ ਲੈਣ ਦੀ ਪੇਸ਼ਕਸ਼ ਵੀ ਕੀਤੀ ਅਤੇ ਬਾਅਦ ਵਿੱਚ ਸਾਬਕਾ ਡੀ ਐਸ ਪੀ ਬਲਦੇਵ ਸਿੰਘ ਸੇਖੋਂ ਨਾਲ ਫੋਨ 'ਤੇ ਗੱਲ ਕਰਵਾਈ ਸੀ, ਜਿਸ ਨੇ ਰਾਜ਼ੀਨਾਮਾ ਕਰਨ ਦੀ ਸਲਾਹ ਦਿੱਤੀ, ਵਰਨਾ ਨਤੀਜੇ ਭੁਗਤਣ ਦੀ ਧਮਕੀ ਦਿੱਤੀ।

ਵਰਨਣ ਯੋਗ ਹੈ ਕਿ ਜਨਵਰੀ 1994 ਵਿੱਚ ਗੁਰਦਾਸਪੁਰ ਪੁਲਸ ਨੇ ਹਰਜਿੰ-ਦਰ ਸਿੰਘ ਉਰਫ ਰਾਣਾ, ਬਲਵਿੰਦਰ ਸਿੰਘ ਕਾਲਾ, ਬਲਵਿੰਦਰ ਸਿੰਘ ਉਰਫ ਬਾਜੂ, ਸਰੂਪ ਸਿੰਘ ਉਰਫ ਸੂਬਾ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਕੇ ਹਫਤੇ ਬਾਅਦ 24 ਤੇ 25 ਜਨਵਰੀ 1994 ਦੀ ਰਾਤ ਨੂੰ ਪੁਲ ਕੁੰਜਰ ਦੇ ਗੈਸਟ ਹਾਊਸ ਵਿਖੇ ਝੂਠੇ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਮ੍ਰਿਤਕਾਂ ਦੇ ਪਰਵਾਰ ਵੱਲੋਂ ਸੁਪਰੀਮ ਕੋਰਟ ਵਿੱਚ ਦਾਇਰ ਕੀਤੇ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ ਅਤੇ ਸੀ ਬੀ ਆਈ ਨੇ ਉਸ ਸਮੇਂ ਦੇ ਗੁਰਦਾਸਪੁਰ ਦੇ ਐਸ ਪੀ (ਅਪਰੇਸ਼ਨ) ਵਿਵੇਕ ਮਿਸ਼ਰਾ, ਡੀ ਐਸ ਪੀ ਬਲਦੇਵ ਸਿੰਘ ਸੇਖੋਂ, ਐਸ ਐਚ ਓ ਕਾਹਨੂੰਵਾਨ ਪ੍ਰੀਤਮ ਸਿੰਘ, ਐਸ ਐਚ ਓ ਧਾਰੀਵਾਲ ਮਲੂਕ ਸਿੰਘ ਸਣੇ 28 ਪੁਲਸ ਅਫਸਰਾਂ ਵਿਰੁੱਧ ਕੇਸ ਦਰਜ ਕੀਤਾ ਸੀ ਅਤੇ ਬਾਅਦ ਵਿੱਚ ਚਾਰਜਸ਼ੀਟ ਪੇਸ਼ ਕੀਤੀ ਸੀ।

# ਸਰਕਾਰ ਵੱਲੋਂ ਸ਼ਹੀਦ ਐਲਾਨੇ ਸਰਬਜੀਤ ਨੂੰ ਕੇਂਦਰ ਨੇ ਸਮੱਗਲਰ ਦੱਸਿਆ



ਜਲੰਧਰ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਜੇਲ੍ਹ ਵਿੱਚ ਮਾਰੇ ਗਏ ਸਰਬਜੀਤ ਸਿੰਘ ਦੇ ਬਾਰੇ ਸੂਚਨਾ ਦੇ ਅਧਿਕਾਰ ਐਕਟ ਹੇਠ ਮੰਗੀ ਜਾਣਕਾਰੀ ਵਿੱਚ ਕੇਂਦਰ ਸਰਕਾਰ ਨੇ ਸਰਬਜੀਤ ਸਿੰਘ ਨੂੰ ਛੋਟਾ ਸਮੱਗਲਰ ਦੱਸਦਿਆਂ ਕਿਹਾ ਹੈ ਕਿ ਉਹ ਸਮੱਗਲਿੰਗ ਦੇ ਕੇਸ ਵਿੱਚ ਪਾਕਿਸਤਾਨ ਵਿੱਚ ਫੜਿਆ ਗਿਆ ਸੀ।

ਇਥੇ ਮੀਡੀਆ ਨਾਲ ਗੱਲਬਾਤ ਦੌਰਾਨ ਇਸ ਬਾਰੇ ਟਿੱਪਣੀ ਕਰਦਿਆਂ ਸਰਬਜੀਤ ਦੀ ਭੈਣ ਦਲਬੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਪ੍ਰਧਾਨ ਮੰਤਰੀ ਦਫਤਰ ਦੇ ਸੀਨੀਅਰ ਅਧਿਕਾਰੀਆਂ ਤੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਉਠਾਇਆ ਸੀ। ਉਨ੍ਹਾਂ ਨੇ ਇਸ ਦੀ ਜਾਂਚ ਕਰਨ ਦਾ ਭਰੋਸਾ ਦਿੱਤਾ ਸੀ। ਵਰਨਣ ਯੋਗ ਹੈ ਕਿ ਦਲਬੀਰ ਕੌਰ ਸ਼ੁਰੂ ਤੋਂ ਇਹ ਦਾਅਵੇ ਕਰਦੀ ਆਈ ਹੈ ਕਿ ਉਸ ਦਾ ਭਰਾ ਸਰਬਜੀਤ ਸਿੰਘ ਨਸ਼ੇ ਦੀ ਹਾਲਤ ਵਿੱਚ ਪਾਕਿਸਤਾਨ ਵੱਲ ਨੂੰ ਚਲਾ ਗਿਆ ਸੀ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਨਸ਼ੇ ਦੀ ਹਾਲਤ ਵਿੱਚ ਪਾਕਿਸਤਾਨ ਗਿਆ ਤਾਂ ਕੀ ਉਸ ਨੂੰ ਸ਼ਹੀਦ ਦਾ ਦਰਜਾ ਦੇਣਾ ਵਾਜਿਬ ਹੈ ਤਾਂ ਦਲਬੀਰ ਕੌਰ ਨੇ ਕਿਹਾ ਕਿ ਇਸ ਬਾਰੇ ਸਰਕਾਰ ਦੱਸ ਸਕਦੀ ਹੈ।

ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਕੋਲੋਂ ਆਰ ਟੀ ਆਈ ਰਾਹੀਂ ਮੰਗੀ ਸੂਚਨਾ ਦੇ ਜਵਾਬ ਵਿੱਚ 17 ਜੂਨ 2016 ਨੂੰ ਦੱਸਿਆ ਗਿਆ ਸੀ ਕਿ ਸਰਬਜੀਤ ਰੋਜ਼ੀ ਕਮਾਉਣ ਲਈ ਸਮੱਗਲਿੰਗ ਕਰਦਾ ਸੀ ਅਤੇ ਉਹ 29 ਅਤੇ 30 ਅਗਸਤ 1990 ਦੀ ਰਾਤ ਨੂੰ ਪਾਕਿਸਤਾਨ ਦੀ ਸਰਹੱਦ ਪਾਰ ਗਿਆ ਸੀ। ਉਸ ਨੂੰ ਪਾਕਿਸਤਾਨੀ ਫੌਜ ਨੇ ਕਸੂਰ ਨੇੜੇ ਫੜਿਆ ਸੀ।

ਪਿਛਲੇ ਦਿਨੀਂ ਲੁਧਿਆਣਾ ਦੀ ਵਸਨੀਕ ਬਲਜਿੰਦਰ ਕੌਰ ਨੇ ਦਾਅਵਾ ਕੀਤਾ ਸੀ ਕਿ ਉਹ ਸਰਬਜੀਤ ਦੀ ਅਸਲੀ ਭੈਣ ਹੈ। ਪੰਜਾਬ ਦੇ ਗ੍ਰਿਹ ਮੰਤਰਾਲੇ ਨੇ ਡੀ ਜੀ ਪੀ ਨੂੰ ਪੱਤਰ ਲਿਖ ਕੇ ਵੱਖ-ਵੱਖ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਕਿਹਾ ਹੈ, ਜਿਨ੍ਹਾਂ ਵਿੱਚ ਦਲਬੀਰ ਕੌਰ ਦਾ ਡੀ ਐਨ ਏ ਟੈਸਟ ਕਰਾਉਣ ਦੀ ਗੱਲ ਵੀ ਸ਼ਾਮਲ ਹੈ। ਜਦੋਂ ਦਲਬੀਰ ਕੌਰ ਨੂੰ ਪੁੱਛਿਆ ਗਿਆ ਕਿ ਕੀ ਉਹ ਡੀ ਐਨ ਏ ਟੈਸਟ ਲਈ ਤਿਆਰ ਹੈ ਤਾਂ ਉਸ ਨੇ ਸਿੱਧਾ ਜਵਾਬ ਦੇਣ ਦੀ ਥਾਂ ਕਿਹਾ ਕਿ ਇਸ ਬਾਰੇ ਅਦਾਲਤ ਨੇ ਕੋਈ ਹੁਕਮ ਨਹੀਂ ਦਿੱਤੇ। ਉਸ ਨੇ ਬਲਜਿੰਦਰ ਕੌਰ 'ਤੇ ਦੋਸ਼ ਲਾਏ ਕਿ ਪਹਿਲਾਂ ਉਹ ਇਹ ਸਾਬਤ ਕਰੇ ਕਿ ਉਹੀ ਸਰਬਜੀਤ ਦੀ ਅਸਲੀ ਭੈਣ ਹੈ। ਇਸ ਮੌਕੇ ਸਰਬਜੀਤ ਦੀ ਪਤਨੀ ਸੁਖਪ੍ਰੀਤ ਕੌਰ ਅਤੇ ਧੀ ਪੂਨਮ ਹਾਜ਼ਰ ਸਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਬਲਜਿੰਦਰ ਕੌਰ ਝੂਠ ਬੋਲਦੀ ਹੈ ਤੇ ਉਸ ਕੋਲ ਕੋਈ ਸਬੂਤ ਨਹੀਂ ਹਨ ਕਿ ਉਹ ਸਰਬਜੀਤ ਦੀ ਅਸਲੀ ਭੈਣ ਹੈ। ਇਸ ਤਰ੍ਹਾਂ ਇਹ ਮਾਮਲਾ ਵਿਵਾਦਤ ਬਣਦਾ ਜਾ ਰਿਹਾ ਹੈ।

# ਕਣਕ ਦੀ ਖਰੀਦ ਵਾਸਤੇ ਢਿੱਲ ਦੇਣ ਦੀ ਪੰਜਾਬ ਦੀ ਮੰਗ ਕੇਂਦਰ ਨੇ ਮੰਨੀ



ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਬੇਮੌਸਮੇ ਮੀਂਹ ਨਾਲ ਕਣਕ ਦੀ ਫਸਲ ਨੂੰ ਪੁੱਜੇ ਨੁਕਸਾਨ ਦੀ ਸੂਰਤ ਵਿੱਚ ਕਣਕ ਦੀ ਖਰੀਦ ਦੇ ਮਾਪਦੰਡਾਂ ਵਿੱਚ ਢਿੱਲ ਦੇਣ ਦੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ। ਕੇਂਦਰ ਨੇ ਮੀਂਹ ਨਾਲ ਕਣਕ ਦੇ ਦਾਣੇ ਦੀ ਚਮਕ ਤੇ ਕੁਦਰਤੀ ਰੰਗ ਪ੍ਰਭਾਵਤ ਹੋਣ ਕਰਕੇ ਇਸ ਬਾਰੇ ਸ਼ਰਤਾਂ ਵਿੱਚ ਅੰਤਿਮ ਰਿਪੋਰਟ ਆਉਣ ਤੱਕ ਢਿੱਲ ਦੇਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਮੀਂਹ ਨਾਲ ਕਿਸਾਨਾਂ ਨੂੰ ਕਣਕ ਦੀ ਫਸਲ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ ਖਰੀਦ ਦੇ ਨਿਯਮਾਂ 'ਚ ਢਿੱਲ ਦੇਣ ਦੀ ਅਪੀਲ ਕੀਤੀ ਸੀ। ਕੇਂਦਰ ਸਰਕਾਰ ਨੇ ਸਾਲ 2019-2020 ਦੇ ਹਾੜੀ ਦੇ ਮੰਡੀ ਸੀਜ਼ਨ ਵਾਲੇ ਇਕਸਾਰ ਪੱਧਰ ਵਿੱਚ ਆਰਜ਼ੀ ਢਿੱਲ ਦੇ ਕੇ ਪੰਜਾਬ ਵਿੱਚੋਂ ਕਣਕ ਖਰੀਦਣ ਦਾ ਫੈਸਲਾ ਕੀਤਾ ਹੈ। ਕਣਕ ਦੀ ਖਰੀਦ ਸਬੰਧੀ ਸ਼ਰਤਾਂ ਵਿੱਚ ਢਿੱਲ ਦੇਣ ਦਾ ਫੈਸਲਾ ਤੁਰੰਤ ਲਾਗੂ ਹੋ ਗਿਆ ਹੈ, ਜੋ ਸਾਂਝੀ ਟੀਮ ਦੀ ਅੰਤਿਮ ਰਿਪੋਰਟ ਮਿਲਣ ਤੱਕ ਜਾਰੀ ਰਹੇਗਾ। ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਖਪਤਕਾਰ ਮਾਮਲਿਆਂ, ਖੁਰਾਕ ਤੇ ਜਨਤਕ ਵੰਡ ਪ੍ਰਣਾਲੀ ਮੰਤਰਾਲੇ ਨੇ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨੂੰ ਆਪਣਾ ਫੈਸਲਾ ਦੱਸ ਦਿੱਤਾ ਹੈ। ਇਸ ਬਾਰੇ ਕੇਂਦਰੀ ਮੰਤਰਾਲੇ ਨੇ ਜ਼ਿਲਾ ਆਧਾਰ 'ਤੇ ਇਨ੍ਹਾਂ ਸ਼ਰਤਾਂ ਵਿੱਚ ਢਿੱਲ ਦੇਣ ਦੀ ਆਗਿਆ ਦਿੱਤੀ ਹੈ, ਜਿਸ ਨਾਲ ਬਠਿੰਡਾ, ਫਰੀਦਕੋਟ, ਮੁਕਤਸਰ ਸਾਹਿਬ ਅਤੇ ਫਿਰੋਜ਼ਪੁਰ ਜ਼ਿਲਿਆਂ ਵਿੱਚ 50 ਫੀਸਦੀ ਤੇ ਫਾਜ਼ਿਲਕਾ ਤੇ ਹੁਸ਼ਿਆਰਪੁਰ ਜ਼ਿਲਿਆਂ ਵਿੱਚ 75 ਫੀਸਦੀ ਤੱਕ ਦੀ ਇਜਾਜ਼ਤ ਦਿੱਤੀ ਗਈ ਹੈ। ਚਮਕ ਅਤੇ ਕੁਦਰਤੀ ਰੰਗ ਉੱਤੇ 10 ਫੀਸਦੀ ਤੋਂ ਵੱਧ ਪ੍ਰਭਾਵਤ ਅਤੇ ਸੁੰਗੜੇ ਤੇ ਟੁੱਟੇ ਦਾਣਿਆਂ ਦੀ ਮਾਤਰਾ 75 ਫੀਸਦੀ ਤੱਕ ਦੀ ਖਰੀਦ 'ਚ ਸਿੱਧਾ ਇਕ ਚੌਥਾਈ ਵੈਲਿਊ ਕੱਟ ਲਾਇਆ ਜਾਵੇਗਾ। ਜਿਹੜੀ ਕਣਕ ਖਰੀਦੀ ਜਾਵੇਗੀ, ਉਸ ਦਾ ਭੰਡਾਰ ਅਤੇ ਹਿਸਾਬ ਕਿਤਾਬ ਵੱਖਰਾ ਰੱਖਿਆ ਜਾਵੇਗਾ।

# ਦੋਸਤ ਦਾ ਵਿਆਹ ਦੇਖਣ ਜਾਦੇ ਨੌਜਵਾਨਾਂ ਦੀ ਗੱਡੀ ਨੂੰ ਹਾਦਸਾ, ਦੋ ਮੌਤਾਂ




ਸ੍ਰੀ ਆਨੰਦਪੁਰ ਸਾਹਿਬ, 28 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਆਨੰਦਪੁਰ ਸਾਹਿਬ-ਨੰਗਲ ਮੁੱਖ ਮਾਰਗ 'ਤੇ ਤਾਜ ਹੋਟਲ ਦੇ ਬਾਹਰ ਮੁੱਖ ਸੜਕ 'ਤੇ ਕੱਲ੍ਹ ਇਕ ਗੱਡੀ ਦਾ ਸੰਤੁਲਨ ਵਿਗੜਨ ਨਾਲ ਉਹ ਸੜਕ ਵਿਚਾਲ਼ੁ ਬਣੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਤਾਂ ਉਥੋਂ ਆਪਣੇ ਸਾਈਕਲ 'ਤੇ ਜਾ ਰਿਹਾ ਇਕ ਵਿਅਕਤੀ ਇਸ ਦੀ ਲਪੇਟ 'ਚ ਆ ਗਿਆ, ਜਿਸ ਕਾਰਨ ਗੱਡੀ ਦੇ ਚਾਲਕ ਅਤੇ ਸਾਈਕਲ ਸਵਾਰ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ।

ਜਾਂਚ ਅਧਿਕਾਰੀ ਏ ਐਸ ਆਈ ਰਘਬੀਰ ਸਿੰਘ ਨੇ ਦੱਸਿਆ ਕਿ ਬਾਇਓਮੈਡ (ਟਰਾਂਸਏਸ਼ੀਆ) ਕੰਪਨੀ 'ਚ ਕੰਮ ਕਰਦੇ ਸੱਤ ਮੁਲਾਜ਼ਮ ਆਪਣੇ ਕਿਸੇ ਸਾਥੀ ਦੇ ਵਿਆਹ 'ਚ ਸ਼ਾਮਲ ਹੋਣ ਲਈ ਦਿੱਲੀ ਤੋਂ ਆਪਣੀ ਗੱਡੀ ਮਾਰੂਤੀ ਆਰਟੀਗਾ 'ਚ ਸਵਾਰ ਹੋ ਕੇ ਪਾਲਮਪੁਰ (ਹਿਮਾਚਲ ਪ੍ਰਦੇਸ਼) ਜਾ ਰਹੇ ਸਨ। ਸਵੇਰੇ ਕਰੀਬ ਸੱਤ ਵਜੇ ਆਨੰਦਪੁਰ ਸਾਹਿਬ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਤਾਜ ਹੋਟਲ ਦੇ ਬਾਹਰ ਗੱਡੀ ਦਾ ਸੰਤੁਲਨ ਵਿਗੜ ਗਿਆ, ਜਿਸ ਕਾਰਨ ਗੱਡੀ ਸੜਕ ਦੇ ਵਿਚਕਾਰ ਬਣੇ ਡਿਵਾਈਡਰ 'ਚ ਟਕਰਾ ਕੇ ਪਲਟ ਗਈ, ਇਸ ਦੌਰਾਨ ਉਥੋਂ ਆਪਣੇ ਸਾਈਕਲ ਉਤੇ ਜਾਂਦਾ ਵਿਅਕਤੀ ਵੀ ਗੱਡੀ ਦੀ ਲਪੇਟ 'ਚ ਆ ਗਿਆ ਅਤੇ ਗੱਡੀ ਦਾ ਚਾਲਕ ਆਸ਼ੀਸ਼ ਬਾਂਸਲ ਵਾਸੀ ਦਿੱਲੀ ਅਤੇ ਸਾਈਕਲ ਸਵਾਰ ਸਤਪਾਲ ਪੁੱਤਰ ਬੰਤਾ ਰਾਮ ਵਾਸੀ ਪਿੰਡ ਮਜਾਰਾ ਸ੍ਰੀ ਆਨੰਦਪੁਰ ਸਾਹਿਬ ਦੀ ਮੌਕੇ 'ਤੇ ਹੋ ਗਈ।

# ਕੰਡੀਸ਼ਨਲ ਅਸਤੀਫੇ ਨਾਲ ਸੁਖਪਾਲ ਸਿੰਘ ਖਹਿਰਾ ਸਿਆਸੀ ਧਿਰਾਂ ਦੇ ਨਿਸ਼ਾਨੇ ਉੱਤੇ ਆਏ



ਜਲੰਧਰ, 28 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਵੱਖ ਹੋ ਕੇ ਆਪਣੀ ਪਾਰਟੀ ਅਤੇ ਫਰੰਟ ਬਣਾਉਣ ਵਾਲੇ ਸੁਖਪਾਲ ਸਿੰਘ ਖਹਿਰਾ ਨੇ ਪਰਸੋਂ ਬਠਿੰਡਾ ਤੋਂ ਨਾਮਜ਼ਦਗੀ ਪੱਤਰ ਭਰਨ ਤੋਂ ਪਹਿਲਾਂ ਵਿਧਾਨ ਸਭਾ ਤੋਂ ਭੁਲੱਥ ਦੇ ਵਿਧਾਇਕ ਵਜੋਂ ਅਸਤੀਫਾ ਦੇ ਦਿੱਤਾ ਸੀ। ਇਸ ਨਾਲ ਇਕ ਵਾਰ ਫਿਰ ਉਹ ਆਪਣੀ ਸਿਆਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ, ਕਿਉਂਕਿ ਅਸਤੀਫਾ ਸ਼ਰਤਾਂ ਸਹਿਤ ਦਿੱਤਾ ਗਿਆ ਹੈ, ਜੋ ਮਨਜ਼ੂਰ ਨਹੀਂ ਹੋ ਸਕਦਾ।

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਅਤੇ ਸੀਨੀਅਰ ਆਗੂ ਅਮਨ ਅਰੋੜਾ ਨੇ ਕਿਹਾ ਕਿ ਅਨਪੜ੍ਹ ਤੋਂ ਅਨਪੜ੍ਹ ਵਿਅਕਤੀ ਵੀ ਜਾਣਦਾ ਹੈ ਕਿ ਵਿਧਾਨ ਸਭਾ ਵਿੱਚ ਦੋ ਲਾਈਨਾਂ ਦਾ ਅਸਤੀਫਾ ਪ੍ਰਵਾਨ ਹੁੰਦਾ ਹੈ। ਉਸ ਦੇ ਲਈ ਵਿਧਾਨ ਸਭਾ ਤੋਂ ਇਕ ਰੈਜ਼ੀਗਨੇਸ਼ਨਲ ਫਾਰਮ ਮਿਲਦਾ ਹੈ, ਜਿਸ ਉਤੇ ਦੋ ਲਾਈਨਾਂ ਲਿਖ ਕੇ ਅਸਤੀਫਾ ਦਿੱਤਾ ਜਾਂਦਾ ਹੈ, ਪਰ ਸੁਖਪਾਲ ਸਿੰਘ ਖਹਿਰਾ ਨੇ ਜਾਣਬੁੱਝ ਕੇ ਤਿੰਨ ਪੇਜਾਂ ਦੀ ਕਹਾਣੀ ਲਿਖ ਕੇ ਸਪੀਕਰ ਨੂੰ ਦਿੱਤੀ ਹੈ, ਜਦ ਕਿ ਇਸ ਗੱਲ ਦਾ ਖਹਿਰਾ ਨੂੰ ਪਤਾ ਹੈ ਕਿ ਏਦਾਂ ਦਾ ਅਸਤੀਫਾ ਸਪੀਕਰ ਮਨਜ਼ੂਰ ਨਹੀਂ ਕਰਨ ਲੱਗੇ। ਉਨ੍ਹਾਂ ਕਿਹਾ ਕਿ ਖਹਿਰਾ ਨੂੰ ਆਪਣੇ ਸਾਥੀ ਵਿਧਾਇਕ ਨਾਜਰ ਸਿੰਘ ਤੋਂ ਸਲਾਹ ਲੈ ਲੈਣੀ ਚਾਹੀਦੀ ਸੀ ਕਿਉਂਕਿ ਨਾਜਰ ਸਿੰਘ ਨੇ ਦੋ ਲਾਈਨਾਂ ਦਾ ਅਸਤੀਫਾ ਦਿੱਤਾ ਹੈ। ਭਗਵੰਤ ਮਾਨ ਤੇ ਅਮਨ ਅਰੋੜਾ ਨੇ ਕਿਹਾ ਕਿ ਖਹਿਰਾ ਦਾ ਇਹ ਅਸਤੀਫਾ ਸਿਰਫ ਸਿਆਸੀ ਸਟੰਟ ਹੈ ਤੇ ਚੋਣਾਂ ਤੋਂ ਬਾਅਦ ਉਹ ਫਿਰ ਆਪਣੀ ਵਿਧਾਇਕੀ ਸੰਭਾਲਣ ਪਹੁੰਚ ਜਾਣਗੇ।

ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਵੀ ਖਹਿਰਾ ਨੂੰ ਡਰਾਮੇਬਾਜ਼ ਦੱਸ ਕੇ ਕਿਹਾ ਕਿ ਖਹਿਰਾ ਨੇ ਚਾਰ-ਪੰਜ ਪੇਜ ਦਾ ਅਸਤੀਫਾ ਦਿੱਤਾ ਹੈ ਤੇ ਇਹ ਸਿਆਸੀ ਡਰਾਮਾ ਹੈ, ਕਿਉਂਕਿ ਇਹੋ ਜਿਹਾ ਅਸਤੀਫਾ ਸਵੀਕਰ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਜੇ ਖਹਿਰਾ ਨੇ ਅਸਲ ਵਿੱਚ ਅਸਤੀਫਾ ਦੇਣਾ ਹੁੰਦਾ ਤਾਂ ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਦਿੰਦੇ। ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਵਿੱਚ ਅਨਕੰਡੀਸ਼ਨਲ ਰਿਜ਼ਾਈਨ ਮਨਜ਼ੂਰ ਕੀਤਾ ਜਾਂਦਾ ਹੈ। ਕੰਡੀਸ਼ਨਲ ਰਿਜ਼ਾਈਨ ਆਮ ਕਰ ਕੇ ਰੱਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਇਸ ਵਿੱਚ ਕੋਈ ਨਾ ਕੋਈ ਸ਼ਰਤ ਰੱਖੀ ਹੁੰਦੀ ਜਾਂ ਸਮਾਂ ਦੇ ਦਿੱਤਾ ਜਾਂਦਾ ਹੈ। ਜੇ ਇਸ ਦੌਰਾਨ ਸ਼ਰਤਾਂ ਪੂਰੀਆਂ ਨਾ ਹੋਣ ਤਾਂ ਅਸਤੀਫਾ ਮੰਨਿਆ ਜਾਵੇ ਤੇ ਜੇ ਸ਼ਰਤਾਂ ਪੂਰੀਆਂ ਹੋ ਜਾਣ ਤਾਂ ਅਸਤੀਫਾ ਨਾ ਮੰਨਿਆ ਜਾਵੇ।

# ਚਲਦੀ ਕਾਰ ਨੂੰ ਲੱਗੀ ਅੱਗ ਵਿੱਚ ਐਨ ਆਰ ਆਈ ਜਿੰਦਾ ਸੜਿਆ

ਮੁੱਲਾਂਪੁਰ ਦਾਖਾ, 28 ਅਪ੍ਰੈਲ (ਪੋਸਟ ਬਿਊਰੋ)- ਦੋ ਵਾਰ ਸਰਪੰਚ ਰਹੇ ਹਰਨੇਕ ਸਿੰਘ ਤੱਖਰ ਆੜ੍ਹਤੀ ਅਤੇ ਭੱਠਾ ਮਾਲਕ ਦੋ ਦਿਨ ਪਹਿਲਾਂ ਅਮਰੀਕਾ ਤੋਂ ਆਪਣੇ ਪਿੰਡ ਹਿੱਸੋਵਾਲ ਆਏ ਸਨ। ਕੱਲ੍ਹ ਸਵੇਰੇ ਆਪਣੇ ਘਰੋਂ ਅਨਾਜ ਮੰਡੀ ਮੁੱਲਾਂਪੁਰ ਲਈ ਰਵਾਨਾ ਹੋਏ ਤਾਂ ਮੰਡੀ ਕੋਲ ਪੁੱਜਦਿਆਂ ਉਨ੍ਹਾਂ ਦੀ ਸਵਿੱਫਟ ਕਾਰ ਨੂੰ ਅੱਗ ਲੱਗ ਜਾਣ ਕਾਰਨ ਗੱਡੀ ਲਾਕ ਹੋ ਗਈ ਤੇ ਉਹ ਬਾਹਰ ਨਹੀਂ ਨਿਕਲ ਸਕੇ ਅਤੇ ਅੱਗ ਤੱਖਰ ਦਾ ਸਰੀਰ ਪਿੰਜਰ ਬਣ ਗਿਆ। ਨੇੜਲੇ ਪੈਟਰੋਲ ਪੰਪ ਤੋਂ ਹਿੱਸੋਵਾਲ ਪਿੰਡ ਦਾ ਨੌਜਵਾਨ ਅੱਗ ਬੁਝਾਉਣ ਦਾ ਯੰਤਰ ਲਿਆਇਆ, ਪਰ ਜਦੋਂ ਤੱਕ ਅੱਗ 'ਤੇ ਕਾਬੂ ਪਾਇਆ ਗਿਆ, ਉਦੋਂ ਤੱਕ ਸਭ ਕੁਝ ਸੜ ਚੁੱਕਾ ਸੀ। ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਮੁਖੀ ਜਗਦੀਸ਼ ਸ਼ਰਮਾ ਅਤੇ ਪੁਲਸ ਪਾਰਟੀ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ ਨੇ ਅੱਗ 'ਤੇ ਕਾਬੂ ਪਾਉਣ ਦਾ ਯਤਨ ਕੀਤਾ। ਥਾਣਾ ਦਾਖਾ ਦੀ ਪੁਲਸ ਨੇ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ।

# ਨਾਬਾਲਗ ਦਾ ਗੋਲੀ ਮਾਰ ਕੇ ਕਤਲ, ਅਣਪਛਾਤੇ ਦੋਸ਼ੀਆਂ ਖਿਲਾਫ ਕੇਸ ਦਰਜ

ਫਿਰੋਜ਼ਪੁਰ, 28 ਅਪ੍ਰੈਲ (ਪੋਸਟ ਬਿਊਰੋ)- ਥਾਣਾ ਮੱਖੂ ਦੇ ਪਿੰਡ ਚਕੀਆ ਵਿੱਚ ਅੰਨ੍ਹੇ ਕਤਲ ਦੀ ਇੱਕ ਵਾਰਦਾਤ ਵਿੱਚ ਅਣਪਛਾਤੇ ਬਦਮਾਸ਼ਾਂ ਨੇ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਥਾਣਾ ਮੱਖੂ ਪੁਲਸ ਨੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਸ਼ਨਾਖਤ ਬਲਜੀਤ ਸਿੰਘ (17) ਪਿੰਡ ਮੰਝ ਵਜੋਂ ਹੋਈ ਹੈ। ਪਿੰਡ ਮੰਝ ਵਾਲਾ ਦੇ ਰਹਿਣ ਵਾਲੇ ਪਿੱਪਲ ਸਿੰਘ ਨੇ ਦੱਸਿਆ ਕਿ ਉਸ ਦਾ ਬੇਟਾ ਬਲਜੀਤ ਸਿੰਘ ਬਾਈਕ ਰਿਪੇਅਰ ਦਾ ਕੰਮ ਕਰਦਾ ਸੀ। 25 ਅਪ੍ਰੈਲ ਸ਼ਾਮ ਨੂੰ ਉਹ ਘਰੋਂ ਬਾਹਰ ਗਿਆ। ਦੇਰ ਰਾਤ ਤੱਕ ਜਦ ਉਹ ਘਰ ਵਾਪਸ ਨਾ ਆਇਆ ਤਾਂ ਉਨ੍ਹਾਂ ਨੇ ਅਗਲੀ ਸਵੇਰੇ ਉਸ ਦੀ ਖੋਜ ਸ਼ੁਰੂ ਕੀਤੀ। ਜਦ ਉਹ ਉਸ ਦੀ ਭਾਲ ਕਰਦੇ ਹੋਏ ਪਿੰਡ ਵਡੀਆ ਚੱਕੀਆਂ ਦੀ ਮੋਟਰ 'ਤੇ ਬਲਜੀਤ ਸਿੰਘ ਦੀ ਲਾਸ਼ ਪਈ ਸੀ, ਜਿਸ ਦੇ ਸਰੀਰ 'ਤੇ ਗੋਲੀ ਦਾ ਨਿਸ਼ਾਨ ਸੀ। ਉਨ੍ਹਾਂ ਨੇ ਇਸ ਗੱਲ ਦੀ ਜਾਣਕਾਰੀ ਥਾਣਾ ਮੱਖੂ ਪੁਲਸ ਨੂੰ ਦਿੱਤੀ। ਕੇਸ ਦੀ ਜਾਂਚ ਕਰ ਰਹੇ ਥਾਣਾ ਮੱਖੂ ਦੇ ਇੰਚਾਰਜ ਹਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਭਗਵੰਤ ਮਾਨ ਦੀ ਜਾਇਦਾਦ ਵਧਣ ਦੀ ਥਾਂ ਪੰਜਾਂ ਸਾਲਾਂ ਵਿੱਚ ਘਟ ਗਈ

ਸੰਗਰੂਰ, 28 ਅਪਰੈਲ, (ਪੋਸਟ ਬਿਊਰੋ)- ਪਾਰਲੀਮੈਂਟ ਹਲਕਾ ਸੰਗਰੂਰ ਤੋਂ ਪਾਰਲੀਮੈਂਟ ਮੈਂਬਰ ਅਤੇ ਅੱਗੋਂ ਫਿਰ ਇਸ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਦੀ ਜਾਇਦਾਦ ਪੰਜ ਸਾਲਾਂ ਵਿੱਚ ਵਧਣ ਦੀ ਥਾਂ ਘਟ ਗਈ ਹੈ। ਸਾਲ 2014 ਵਿੱਚ ਭਗਵੰਤ ਮਾਨ ਦੀ ਸਾਬਕਾ ਪਤਨੀ ਇੰਦਰਪ੍ਰੀਤ ਕੌਰ ਨਾਲ 4 ਕਰੋੜ 29 ਲੱਖ ਰੁਪਏ ਦੀ ਸਾਂਝੀ ਜਾਇਦਾਦ ਸੀ। ਤਲਾਕ ਦੇ ਬਾਅਦ ਘਟ ਕੇ 2 ਕਰੋੜ 44 ਲੱਖ ਰੁਪਏ ਰਹਿ ਗਈ। ਸਾਲ 2014 ਵੇਲੇ ਉਨ੍ਹਾਂ ਕੋਲ ਚੱਲ ਜਾਇਦਾਦ ਵਜੋਂ 63 ਲੱਖ 83 ਹਜ਼ਾਰ 496 ਰੁਪਏ ਤੇ ਅਚੱਲ ਜਾਇਦਾਦ 1 ਕਰੋੜ 21 ਲੱਖ ਰੁਪਏ ਦੀ ਸੀ। ਸਾਲ 2017 ਦੌਰਾਨ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਚੋਣ ਲੜਨ ਵੇਲੇ ਚੱਲ ਸੰਪਤੀ ਘਟ ਕੇ 40.60 ਲੱਖ ਰੁਪਏ ਰਹਿ ਗਈ ਤੇ ਫਿਰ ਜਾਇਦਾਦ ਦੀ ਕੀਮਤ ਵਿਚ ਉਛਾਲ ਆਏ ਨਾਲ ਅਚੱਲ ਜਾਇਦਾਦ 1.58 ਕਰੋੜ ਰੁਪਏ ਹੋ ਗਈ। ਲੋਕ ਸਭਾ ਦਾ ਮੈਂਬਰ ਬਣਨ ਪਿੱਛੋਂ 2014-17 ਜਿੱਥੇ ਭਗਵੰਤ ਮਾਨ ਨੇ ਆਪਣੇ ਸਿਰ ਚੜ੍ਹੇ 20 ਲੱਖ 15 ਹਜ਼ਾਰ ਰੁਪਏ ਕਰਜ਼ੇ ਦਾ ਬੋਝ ਲਾਹਿਆ ਅਤੇ ਜੱਦੀ ਜ਼ਮੀਨ ਉਨ੍ਹਾਂ ਦੇ ਹਿੱਸੇ ਆਉਣ ਨਾਲ ਜਾਇਦਾਦ 1.99 ਕਰੋੜ ਰੁਪਏ ਬਣ ਗਈ। ਸਾਲ 2019 ਵਿਚ ਲੋਕ ਸਭਾ ਚੋਣਾਂ ਲਈ ਭਰੇ ਕਾਗਜ਼ਾਂ ਵਿਚ ਉਨ੍ਹਾਂ ਵੱਲੋਂ ਦਿੱਤੇ ਵੇਰਵੇ ਵਿਚ ਚੱਲ ਸੰਪਤੀ 38.27 ਲੱਖ ਰੁਪਏ ਦੱਸੀ ਗਈ ਸੀ ਤੇ ਅੱਜ ਉਨ੍ਹਾਂ ਦੀ ਅਚੱਲ ਜਾਇਦਾਦ 1.26 ਕਰੋੜ ਦੀ ਅਤੇ ਕੁੱਲ ਜਾਇਦਾਦ 1 ਕਰੋੜ 64 ਲੱਖ 27274 ਰੁਪਏ ਹੈ।


We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST



- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344






## ਮੋਦੀ ਦਾ ਸੂਟ ਖਰੀਦਣ ਵਾਲੇ ਸੇਠ ਨਾਲ ਕਰੋੜ ਰੁਪਏ ਦੀ ਠੱਗੀ

ਸੂਰਤ, 28 ਅਪ੍ਰੈਲ (ਪੋਸਟ ਬਿਊਰੋ)- ਸਾਲ 2015 ਵਿੱਚ ਕੀਤੀ ਗਈ ਨਿਲਾਮੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪਿੰਨ-ਸਟ੍ਰਾਈਪ ਸੂਟ ਖਰੀਦਣ ਵਾਲੇ ਸੂਰਤ ਦੇ ਉਘੇ ਹੀਰਾ ਕਾਰੋਬਾਰੀ ਨਾਲ ਦੋ ਭਰਾਵਾਂ ਨੇ ਇਕ ਕਰੋੜ ਰੁਪਏ ਦੀ ਠੱਗੀ ਮਾਰ ਲਈ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

ਜਾਣਕਾਰੀ ਮੁਤਾਬਿਕ ਹਿੰਮਤ ਸਿੰਘ ਤੇ ਵਿਜੈ ਕੋਸ਼ਿਆ ਨਾਂਅ ਦੇ ਦੋ ਭਰਾਵਾਂ ਨੇ ਪਿਛਲੇ ਸਾਲ ਭਰੋਸੇ ਉੱਤੇ ਅਣ-ਕੱਟੇ ਹੀਰਿਆਂ ਦਾ ਭੁਗਤਾਨ ਨਾ ਕਰਕੇ ਪਟੇਲ ਦੀ ਫਰਮ ਨੂੰ ਧੋਖਾ ਦਿੱਤਾ ਹੈ। ਇਸ ਬਾਰੇ ਬੀਤੀ 22 ਅਪ੍ਰੈਲ ਨੂੰ ਸੂਰਤ ਦੇ ਕਟਾਰਗਾਮ ਥਾਣੇ ਵਿੱਚ ਧਰਮਨੰਦਨ ਡਾਇਮੰਡਜ਼ ਦੇ ਮੈਨੇਜਰ ਕਮਲੇਸ਼ ਕੇਵੜੀਆ ਨੇ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਦੇ ਮੁਤਾਬਕ ਕੋਸ਼ਿਆ ਭਰਾਵਾਂ ਨੇ ਇਸ ਕੰਪਨੀ ਦਾ ਭਰੋਸਾ ਜਿੱਤ ਲਿਆ ਅਤੇ ਫਿਰ ਅਕਤੂਬਰ 2018 ਵਿੱਚ 1500 ਕੈਰੇਟ ਦੇ ਇਕ ਕਰੋੜ ਰੁਪਏ ਦੇ ਅਣ-ਕੱਟੇ ਹੀਰੇ ਲੈ ਲਏ। ਇਸ ਸ਼ਿਕਾਇਤ ਵਿੱਚ ਕੇਵੜੀਆ ਨੇ ਦੱਸਿਆ ਹੈ ਕਿ ਫਰਾਰ ਹੋ ਗਏ ਦੋਵਾਂ ਭਰਾਵਾਂ ਨੇ 120 ਦਿਨਾਂ ਵਿੱਚ ਪੈਸੇ ਦਾ ਭੁਗਤਾਨ ਕਰਨ ਦਾ ਵਾਅਦਾ ਕੀਤਾ ਸੀ, ਹੀਰਿਆਂ ਦੇ ਕਾਰੋਬਾਰ ਦੀ ਆਮ ਗੱਲ ਹੈ। ਕੇਵੜੀਆ ਨੇ ਕਿਹਾ ਕਿ ਤੈਅ ਸਮੇਂ ਮੁਤਾਬਕ ਜਦ ਭੁਗਤਾਨ ਲਈ ਫੋਨ ਕੀਤੇ ਗਏ ਤਾਂ ਉਨ੍ਹਾਂ ਦੇ ਮੋਬਾਈਲ ਬੰਦ ਆਏ।

## ਮੋਦੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣ ਵਾਲਾ ਅਫਸਰ ਚੋਣ ਕਮਿਸ਼ਨ ਨੂੰ ਚੁਣੌਤੀ ਦੇਵੇਗਾ



ਬੰਗਲੂਰੂ, 28 ਅਪਰੈਲ, (ਪੋਸਟ ਬਿਊਰੋ)- ਕਰਨਾਟਕ ਕੇਡਰ ਦੇ ਸੀਨੀਅਰ ਆਈ ਏ ਐੱਸ ਅਫਸਰ ਮੁਹੰਮਦ ਮੋਹਸਿਨ ਨੇ ਆਪਣੇ ਖਿਲਾਫ ਚੋਣ ਕਮਿਸ਼ਨ ਵੱਲੋਂ ਕਰਨਾਟਕ ਸਰਕਾਰ ਨੂੰ ਕੀਤੀ ਕਾਰਵਾਈ ਦੀ ਸਿਫਾਰਿਸ਼ ਬਾਰੇ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਉਨ੍ਹਾਂ ਨੇ ਚੋਣ ਕਮਿਸ਼ਨ ਵੱਲੋਂ ਦਿੱਤੇ ਗਏ ਸਸਪੈਂਡ ਕਰਨ ਦੇ ਹੁਕਮ ਉੱਤੇ ਕੈਟ (ਸੈਂਟਰਲ ਐਡਮਨਿਸਟਰੇਟਿਵ ਟ੍ਰਿਬਿਊਨਲ) ਵੱਲੋਂ ਰਾਹਤ ਮਿਲਣ ਦੇ ਇਕ ਦਿਨ ਬਾਅਦ ਲਿਆ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੈਲੀਕਾਪਟਰ ਦੀ ਜਾਂਚ ਕਰਨ ਲਈ ਮੋਹਸਿਨ ਨੂੰ ਸਸਪੈਂਡ ਕਰਨ ਵਾਲੇ ਹੁਕਮ ਉੱਤੇ ਕੈਟ ਦੀ ਬੰਗਲੂਰੂ ਵਾਲੀ ਬੈਂਚ ਨੇ ਬੀਤੇ ਸ਼ੁੱਕਰਵਾਰ ਰੋਕ ਲਾ ਦਿੱਤੀ ਸੀ। ਮੋਹਸਿਨ ਓਡੀਸ਼ਾ ਵਿਚ ਚੋਣ ਸੁਪਰਵਾਈਜ਼ਰ ਵਜੋਂ ਤਾਇਨਾਤ ਸਨ ਅਤੇ ਉਨ੍ਹਾਂ ਨੂੰ ਐਸ ਪੀ ਜੀ (ਸਪੈਸ਼ਲ ਪ੍ਰੋਟੈਕਸ਼ਨ ਗਰੁੱਪ) ਦੀ ਸੁਰੱਖਿਆ ਵਾਲੇ ਵਿਅਕਤੀਆਂ ਨਾਲ ਸੰਬੰਧਤ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਿਚ 17 ਅਪ੍ਰੈਲ ਨੂੰ ਸਸਪੈਂਡ ਕੀਤਾ ਗਿਆ ਸੀ। ਓਡੀਸ਼ਾ ਦੇ ਸੰਭਲਪੁਰ ਵਿਚ ਮੁਹੰਮਦ ਮੋਹਸਿਨ ਨੇ ਡਿਊਟੀ ਦੌਰਾਨ ਨਰਿੰਦਰ ਮੋਦੀ ਦੇ ਹੈਲੀਕਾਪਟਰ ਦੀ ਜਾਂਚ ਕਰਨ ਲਈ ਹਿੰਮਤ ਕੀਤੀ ਸੀ ਤੇ ਇਸ ਕਾਰਨ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਕੈਟ ਵੱਲੋਂ ਰੋਕ ਲਾਉਣ ਤੋਂ ਕੁਝ ਘੰਟੇ ਬਾਅਦ ਚੋਣ ਕਮਿਸ਼ਨ ਨੇ ਅਪਣਾ ਆਦੇਸ਼ ਵਾਪਿਸ ਲੈ ਲਿਆ, ਪਰ ਕਰਨਾਟਕ ਸਰਕਾਰ ਨੇ ਮੋਹਸਿਨ ਦੇ ਖਿਲਾਫ ਕਾਰਵਾਈ ਸ਼ੁਰੂ ਕਰਨ ਦੀ ਸਿਫਾਰਿਸ਼ ਕੀਤੀ ਤੇ ਅਗਲੇ ਆਦੇਸ਼ ਤੱਕ ਚੋਣ ਡਿਊਟੀ ਉੱਤੇ ਰੋਕ ਲਾ ਦਿੱਤੀ ਸੀ।

ਅੱਜ ਇਸ ਅਧਿਕਾਰੀ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਉਹ ਚੋਣ ਕਮਿਸ਼ਨ ਦੇ ਫੈਸਲੇ ਖਿਲਾਫ ਕਾਨੂੰਨੀ ਆਦੇਸ਼ ਹਾਸਿਲ ਕਰਨ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ 25 ਅਪ੍ਰੈਲ 2019 ਨੂੰ ਕਮਿਸ਼ਨ ਨੇ ਉਨ੍ਹਾਂ ਬਾਰੇ ਆਦੇਸ਼ ਜਾਰੀ ਕੀਤਾ ਤੇ ਸਸਪੈਂਸ਼ਨ ਦਾ ਹੁਕਮ ਰੱਦ ਕਰ ਦਿੱਤਾ ਸੀ। ਕੈਟ ਨੇ ਆਦੇਸ਼ ਵਿਚ ਕਿਹਾ ਸੀ ਕਿ ਚੋਣ ਪ੍ਰਕਿਰਿਆ ਦੌਰਾਨ ਐਸ ਪੀ ਜੀ ਸੁਰੱਖਿਆ ਵਾਲੇ ਲੋਕਾਂ ਨੂੰ ਸੁਰੱਖਿਆ ਦੇਣ ਦੇ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਕੁਝ ਵੀ ਕਰ ਸਕਦੇ ਹਨ। ਬੈਂਚ ਨੇ ਚੋਣ ਕਮਿਸ਼ਨ ਅਤੇ ਚਾਰ ਹੋਰਨਾਂ ਨੂੰ ਇਸ ਕੇਸ ਵਿਚ ਨੋਟਿਸ ਜਾਰੀ ਕਰ ਕੇ ਛੇ ਜੂਨ ਨੂੰ ਸੁਣਵਾਈ ਤੈਅ ਕੀਤੀ ਹੈ।

# ਰਾਹੁਲ ਗਾਂਧੀ ਨੂੰ ਪਟਨਾ ਅਦਾਲਤ ਵੱਲੋਂ 20 ਮਈ ਤਕ ਪੇਸ਼ੀ ਦਾ ਹੁਕਮ

*** ਮਾਮਲਾ 'ਸਾਰੇ ਮੋਦੀ ਚੋਰ' ਕਹਿਣ ਦੇ ਮਾਣਹਾਨੀ ਕੇਸ ਦਾ**

ਪਟਨਾ, 28 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਪਟਨਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ (ਸੀ ਜੇ ਐੱਮ) ਦੀ ਕੋਰਟ ਨੇ ਸੰਮਨ ਜਾਰੀ ਕਰ ਕੇ ਉਨ੍ਹਾਂ ਨੂੰ 20 ਮਈ ਤੱਕ ਅਦਾਲਤ ਵਿੱਚ ਪੇਸ਼ ਹੋਣ ਨੂੰ ਕਿਹਾ ਹੈ। ਬਿਹਾਰ ਦੇ ਡਿਪਟੀ ਮੁੱਖ ਮੰਤਰੀ ਅਤੇ ਭਾਜਪਾ ਆਗੂ ਸੁਸ਼ੀਲ ਕੁਮਾਰ ਮੋਦੀ ਨੇ 18 ਅਪ੍ਰੈਲ ਨੂੰ ਰਾਹੁਲ ਗਾਂਧੀ ਦੇ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਇਸੇ ਕੇਸ ਵਿੱਚ ਅੱਜ ਸ਼ਨਿਚਰਵਾਰ ਅਦਾਲਤ ਨੇ ਸੰਮਨ ਜਾਰੀ ਕਰ ਕੇ ਰਾਹੁਲ ਗਾਂਧੀ ਨੂੰ 20 ਮਈ ਜਾਂ ਉਸ ਤੋਂ ਪਹਿਲਾਂ ਪੇਸ਼ ਹੋਣ ਲਈ ਕਿਹਾ ਹੈ।



ਪਤਾ ਲੱਗਾ ਹੈ ਕਿ ਪਟਨਾ ਦੇ ਸੀ ਜੇ ਐੱਮ ਸ਼ਸ਼ੀਕਾਂਤ ਰਾਏ ਨੇ ਉੱਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਵੱਲੋਂ ਪੇਸ਼ ਕੀਤੇ ਐਫੀਡੇਵਿਟ ਵਿੱਚ ਦਿੱਤੇ ਗਏ ਬਿਆਨ ਤੇ ਰਾਹੁਲ ਗਾਂਧੀ ਦੇ ਇਸ ਕੇਸ ਨਾਲ ਸੰਬੰਧਤ ਭਾਸ਼ਣ ਦੀ ਸੀ ਡੀ ਵੇਖਣ ਤੋਂ ਬਾਅਦ ਆਈ ਪੀ ਸੀ ਦੀ ਧਾਰਾ 500 ਹੇਠ ਸੰਮਨ ਜਾਰੀ ਕਰਨ ਅਤੇ ਅਗਲੀ ਸੁਣਵਾਈ ਲਈ ਕੇਸ ਨੂੰ ਅਸਿਸਟੈਂਟ ਚੀਫ ਜੁਡੀਸ਼ਲ ਮੈਜਿਸਟਰੇਟ ਕੁਮਾਰ ਗੌਰਵ ਦੀ ਕੋਰਟ ਨੂੰ ਭੇਜਣ ਦਾ ਆਦੇਸ਼ ਦਿੱਤਾ ਹੈ। ਸੀ ਜੇ ਐੱਮ ਦਫ਼ਤਰ ਨੇ ਰਾਹੁਲ ਗਾਂਧੀ ਦੇ ਖ਼ਿਲਾਫ਼ ਸੰਮਨ ਜਾਰੀ ਕਰ ਕੇ 20 ਮਈ ਦਿੱਤੀ ਹੈ। ਉਹ ਚਾਹੁਣ ਤੋਂ ਇਸ ਤੋਂ ਪਹਿਲਾਂ ਵੀ ਪੇਸ਼ੀ ਭਰ ਸਕਦੇ ਹਨ।

ਅਸਲ ਵਿੱਚ ਰਾਹੁਲ ਗਾਂਧੀ ਦੇ ਖਿਲਾਫ ਕੀਤੇ ਗਏ ਮਾਣਹਾਨੀ ਕੇਸ ਵਿੱਚ ਸੀ ਜੇ ਐੱਮ ਦੀ ਅਦਾਲਤ ਨੇ ਸ਼ੁੱਕਰਵਾਰ ਨੂੰ ਸੁਣਵਾਈ ਪਿੱਛੋਂ ਰੂਲਿੰਗ ਰਾਖਵਾਂ ਰੱਖ ਲਿਆ ਸੀ। ਅਦਾਲਤ ਵਿੱਚ ਸੁਸ਼ੀਲ ਮੋਦੀ ਕੱਲ੍ਹ ਖੁਦ ਪੇਸ਼ ਹੋਏ ਤੇ ਐਫੀਡੇਵਿਟ ਦੇ ਕੇ ਆਪਣਾ ਬਿਆਨ ਲਿਖਾਇਆ ਸੀ। ਇਸ ਕੇਸ ਵਿੱਚ ਸੁਸ਼ੀਲ ਮੋਦੀ ਵੱਲੋਂ ਤਿੰਨ ਗਵਾਹ ਸੰਜੀਵ ਚੌਰਸੀਆ, ਨਿਤਿਨ ਨਵੀਨ ਤੇ ਮਨੀਸ਼ ਕੁਮਾਰ ਹਾਜ਼ਰ ਹੋਏ ਹਨ।

## 1100 ਆਈ ਏ ਐਸ ਅਫਸਰਾਂ ਦੇ ਰਿਕਾਰਡ ਦੀ ਜਾਂਚ, ਚਾਰ ਜਣੇ ਛਾਂਗੇ ਗਏ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਸਰਕਾਰ ਦੀ ਪ੍ਰਸ਼ਾਸਨਿਕ ਸੇਵਾ ਵਿੱਚ ਚੰਗਾ ਪ੍ਰਦਰਸ਼ਨ ਨਾ ਕਰਨ ਵਾਲੇ ਅਤੇ ਨੌਕਰੀ 'ਤੇ ਬੋਝ ਬਣ ਚੁੱਕੇ ਅਫਸਰਾਂ ਦੀ ਪਛਾਣ ਲਈ ਸਰਕਾਰ ਨੇ ਆਈ ਏ ਐਸ ਕੇਡਰ ਦੇ 1143 ਤੋਂ ਵੱਧ ਅਫਸਰਾਂ ਦੇ ਸਰਵਿਸ ਰਿਕਾਰਡ ਦੀ ਘੋਖ ਸ਼ੁਰੂ ਕੀਤੀ ਹੈ। ਜਿਨ੍ਹਾਂ ਅਫਸਰਾਂ ਨੇ 25 ਸਾਲ ਦੀ ਸੇਵਾ ਪੂਰੀ ਕਰ ਲਈ ਜਾਂ 50 ਸਾਲ ਦੀ ਉਮਰ ਪੂਰੀ ਕਰ ਚੁੱਕੇ ਹੈ, ਉਨ੍ਹਾਂ ਦੀ ਸਖਤ ਪੜਤਾਲ ਹੋਈ ਹੈ। ਇਨ੍ਹਾਂ ਵਿੱਚੋਂ ਚਾਰ ਅਧਿਕਾਰੀਆਂ ਨੂੰ ਰਿਟਾਇਰਮੈਂਟ ਦੇ ਸਮੇਂ ਤੋਂ ਪਹਿਲਾ ਸੇਵਾ ਮੁਕਤ ਕਰਨ ਦੀ ਸਿਫਾਰਸ਼ ਕਰ ਦਿੱਤੀ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਆਲ ਇੰਡੀਆ ਸਰਵਿਸ ਦੇ ਡੈਥ-ਕਮ-ਰਿਟਾਇਰਮੈਂਟ ਬੈਨੇਫਿਟਸ ਵਾਲੇ 1958 ਦੇ ਨਿਯਮ ਹੇਠ ਸਾਲ 2015 ਤੋਂ 2018 ਦੇ ਦੌਰਾਨ ਚੰਗਾ ਪ੍ਰਦਰਸ਼ਨ ਨਾ ਕਰਨ ਵਾਲੇ ਅਫਸਰਾਂ ਦੀ ਪਛਾਣ ਕਰਨ ਲਈ ਉਨ੍ਹਾਂ ਦੇ ਸੇਵਾ ਰਿਕਾਰਡ ਦੀ ਸਮੀਖਿਆ ਕੀਤੀ ਗਈ ਹੈ। ਨਿਯਮਾਂ ਮੁਤਾਬਕ ਸੰਬੰਧਤ ਰਾਜ ਸਰਕਾਰ ਦੀ ਸਲਾਹ ਨਾਲ ਹੀ ਕੇਂਦਰ ਸਰਕਾਰ ਕਿਸੇ ਆਈ ਏ ਐਸ ਅਫਸਰ ਨੂੰ ਲਿਖਤੀ ਰੂਪ ਵਿੱਚ ਘੱਟੋ ਘੱਟ ਤਿੰਨ ਮਹੀਨੇ ਪਹਿਲਾਂ ਨੋਟਿਸ ਜਾਂ ਤਿੰਨ ਮਹੀਨੇ ਦੀ ਤਨਖਾਹ ਅਤੇ ਇਸ ਨੋਟਿਸ ਦੇ ਬਦਲੇ ਭੱਤੇ ਦੇ ਕੇ ਜਨਤਕ ਹਿੱਤ ਵਿੱਚ ਸੇਵਾ ਮੁਕਤੀ ਲਈ ਕਹਿ ਸਕਦੀ ਹੈ। ਹਾਲ ਦੀ ਘੜੀ ਛੱਤੀਸਗੜ੍ਹ ਕੈਡਰ ਦੇ ਦੋ, ਬਿਹਾਰ ਦੇ ਇਕ ਅਤੇ ਅਰੁਣਾਚਲ ਪ੍ਰਦੇਸ਼, ਗੋਆ, ਮਿਜ਼ੋਰਮ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਕੈਡਰ ਦੇ ਇਕ-ਇੱਕ ਅਧਿਕਾਰੀ ਨੂੰ ਸਮੇਂ ਤੋਂ ਪਹਿਲਾਂ ਸੇਵਾਮੁਕਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

## ਜ਼ਮੀਨੀ ਸੌਦੇ ਵਿੱਚ ਐੱਸ ਡੀ ਓ ਦੀ ਪਤਨੀ ਤੋਂ 25.50 ਲੱਖ ਠੱਗੇ

ਸਿਰਸਾ, 28 ਅਪ੍ਰੈਲ (ਪੋਸਟ ਬਿਊਰੋ)- ਜ਼ਮੀਨ ਸੌਦੇ ਵਿੱਚ ਪੰਚਾਇਤੀ ਰਾਜ ਵਿਭਾਗ ਸਿਰਸਾ ਦੇ ਐੱਸ ਡੀ ਓ ਦੀ ਪਤਨੀ ਤੋਂ 25.50 ਲੱਖ ਰੁਪਏ ਦੀ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੇ ਬਾਅਦ ਪੁਲਸ ਨੇ ਚਾਰ ਜਣਿਆਂ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ।

ਐਸ ਡੀ ਓ ਰਾਮ ਕੁਮਾਰ ਦੀ ਪਤਨੀ ਅੰਜੂ ਨੇ ਦੱਸਿਆ ਕਿ ਸਿਰਸਾ ਦੇ ਸੈਕਟਰ 20 ਵਿੱਚ ਵਾਸੀ ਸਤਿਆਵਾਨ ਤੇ ਉਨ੍ਹਾਂ ਦੀ ਪਤਨੀ ਪੂਨਮ ਨਾਲ ਉਨ੍ਹਾਂ ਚੰਗੀ ਜਾਣ ਪਛਾਣ ਦੇ ਨਾਲ ਪਰਵਾਰਕ ਮੇਲ-ਜੋਲ ਸੀ। ਸਤਿਆਵਾਨ ਅਤੇ ਪੂਨਮ ਦੀ ਵੈਦਵਾਲਾ ਵਾਸੀ ਬਲਦੇਵ ਅਤੇ ਉਸ ਦੇ ਭਰਾ ਸੁਖਦੇਵ ਦੇ ਨਾਲ ਮਿੱਤਰਤਾ ਸੀ। ਸਾਲ 2005 ਵਿੱਚ ਸਤਿਆਵਾਨ ਉਨ੍ਹਾਂ ਦੇ ਘਰ ਆਇਆ ਤੇ ਕਿਹਾ ਕਿ ਬਲਦੇਵ ਅਤੇ ਸੁਖਦੇਵ ਨੂੰ ਪੈਸਿਆਂ ਦੀ ਲੋੜ ਹੈ ਅਤੇ ਜ਼ਮੀਨ ਵੇਚਣਾ ਚਾਹੁੰਦੇ ਹਨ। ਉਨ੍ਹਾਂ ਦੀ 15 ਕਨਾਲ ਅੱਠ ਮਰਲਾ ਜ਼ਮੀਨ ਹੈ। ਅੰਜੂ ਨੇ ਇੰਨੀ ਜ਼ਮੀਨ ਖਰੀਦਣ ਵਿੱਚ ਅਸਮਰਥਤਾ ਪ੍ਰਗਟਾਈ ਤਾਂ ਸਤਿਆਵਾਨ ਨੇ ਸਾਂਝੀ ਜ਼ਮੀਨ ਖਰੀਦਣ ਦੀ ਗੱਲ ਕਹੀ। ਇਸ 'ਤੇ ਸਤੰਬਰ 2005 ਵਿੱਚ 17.75 ਲੱਖ ਰੁਪਏ ਪ੍ਰਤੀ ਏਕੜ ਦੀ ਦਰ ਨਾਲ ਸੌਦਾ ਹੋ ਗਿਆ। ਬਾਅਦ ਵਿੱਚ ਪਤਾ ਲੱਗਾ ਕਿ ਬਲਦੇਵ ਅਤੇ ਸੁਖਦੇਵ ਨੇ ਜ਼ਮੀਨ 'ਤੇ ਲਿਆ ਬੈਂਕ ਕਰਜ਼ਾ ਨਹੀਂ ਮੋੜਿਆ, ਇਸ ਲਈ ਰਜਿਸਟਰੀ ਨਹੀਂ ਹੋ ਸਕਦੀ। ਇਸ 'ਤੇ ਰਜਿਸਟਰੀ ਦੀ ਤਰੀਕ ਵਧਾਈ ਗਈ। ਦੋਵਾਂ ਭਰਵਾਂ ਨੇ ਬੈਂਕ ਕਰਜ਼ਾ ਮੋੜਨ ਲਈ ਅੰਜੂ ਤੋਂ 12 ਲੱਖ ਰੁਪਏ ਹੋਰ ਲੈ ਲਏ। ਰਜਿਸਟਰੀ ਦੀ ਤੈਅ ਤਰੀਕ ਤੋਂ ਪਹਿਲਾਂ ਸਤਿਆਵਾਨ ਆਇਆ ਤੇ ਬੈਂਕ ਕਰਜ਼ਾ ਨਿਪਟਾਉਣ ਲਈ ਪੈਸੇ ਮੰਗੇ। ਇਸ 'ਤੇ ਅੰਜੂ ਨੇ 4.50 ਲੱਖ ਰੁਪਏ ਹੋਰ ਦੇ ਦਿੱਤੇ। 25.50 ਲੱਖ ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਜ਼ਮੀਨ ਮਿਲੀ ਤੇ ਨਾ ਪੈਸੇ ਮਿਲ ਸਕੇ।

# ਮਸਜਿਦ ਵਿੱਚ ਵਿਸਾਖੀ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਰੱਦ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਬਰਮਿੰਘਮ ਸੈਂਟਰਲ ਮਸਜਿਦ ਵਿੱਚ ਬੀਤੇ ਬੁੱਧਵਾਰ ਮਨਾਏ ਜਾਣ ਵਾਲੇ ਵਿਸਾਖੀ ਦੇ ਤਿਉਹਾਰ ਦੇ ਚਾਰ ਘੰਟੇ ਪਹਿਲਾਂ ਰੱਦ ਹੋਣ ਕਾਰਨ ਪੰਜਾਬੀ ਭਾਈਚਾਰੇ 'ਚ ਰੋਸ ਹੈ। ਇਹ ਤਿਉਹਾਰ ਮਨਾਏ ਜਾਣ ਦਾ ਪ੍ਰਬੰਧ ਬ੍ਰਿਟਿਸ਼ ਨਸਲ ਵਿਰੋਧੀ ਸੰਗਠਨ ਹੋਪ ਨਾਟ ਹੇਟ (ਐੱਚ ਐੱਨ ਐੱਚ) ਵੱਲੋਂ ਕੀਤਾ ਜਾਣਾ ਸੀ। ਇਸ ਵਿੱਚ ਛੇ ਚੈਰਿਟੀ ਸੰਗਠਨ ਇਸਲਾਮਕ ਸੁਸਾਇਟੀ ਆਫ ਬ੍ਰਿਟੇਨ, ਸਿੱਖਸ ਫਾਰ ਪਾਲੀਟਿਕਸ ਤੇ ਸਿਟੀ ਸਿਖਸ ਇੱਕ ਮੰਚ ਉਤੇ ਇਕੱਠੇ ਹੋ ਰਹੇ ਸਨ ਅਤੇ ਬ੍ਰਿਟੇਨ ਵਿੱਚ ਅਜਿਹਾ ਪਹਿਲਾ ਸਮਾਗਮ ਹੋਣ ਜਾ ਰਿਹਾ ਸੀ।

ਐੱਚ ਐੱਨ ਐੱਚ ਦੇ ਬੁਲਾਰੇ ਨੇ ਦੱਸਿਆ ਕਿ ਸਮਾਗਮ ਤੋਂ ਚਾਰ ਕੁ ਘੰਟੇ ਪਹਿਲਾਂ 20-30 ਸਿੱਖ ਇਸ ਸਮਾਗਮ ਵਿੱਚ ਹਿੱਸਾ ਲੈ ਰਹੇ ਇੱਕ ਸਿੱਖ ਸੰਗਠਨ ਦੇ ਪ੍ਰਧਾਨ ਦੇ ਘਰ ਗਏ ਤੇ ਉਨ੍ਹਾਂ ਨੂੰ ਧਮਕਾਇਆ। ਅਸੀਂ ਸਮਝ ਸਕਦੇ ਹਾਂ ਕਿ ਉਨ੍ਹਾਂ ਦੀ ਯੋਜਨਾ ਸਮਾਗਮ ਨੂੰ ਖਰਾਬ ਕਰਨ ਦੀ ਸੀ ਇਸ ਲਈ ਅਸੀਂ ਸਮਾਗਮ ਵਿੱਚ ਹਿੱਸਾ ਲੈ ਰਹੇ ਲੋਕਾਂ ਦੀ ਸੁਰੱਖਿਆ ਲਈ ਸਮਾਗਮ ਨੂੰ ਰੱਦ ਕਰ ਦਿੱਤਾ। ਐੱਚ ਐੱਨ ਐੱਚ ਨੇ ਸਮਾਗਮ ਰੱਦ ਕਰਨ ਲਈ ਗੁਰਿੰਦਰ ਸਿੰਘ ਜੋਸਨ ਸੀ ਬੀ ਈ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਪਰ ਗੁਰਿੰਦਰ ਸਿੰਘ ਨੇ ਇਸ ਬਾਰੇ ਸਿਰਫ ਇੰਨਾ ਹੀ ਕਿਹਾ ਕਿ ਮੈਨੂੰ ਸਿੱਖ ਭਾਈਚਾਰਾ ਅਸਹਿਣਸ਼ੀਲਤਾ ਲਈ ਖਤਰਾ ਸਮਝਦਾ ਹੈ ਅਤੇ ਆਪਣੇ ਭਾਈਚਾਰੇ 'ਚ ਕਿਸੇ ਵੀ ਤਰ੍ਹਾਂ ਦੇ ਖਤਰੇ ਦਾ ਵਿਰੋਧ ਕਰਾਂਗਾ। ਇਹ ਰਸਤੇ ਕਿਸੇ ਨੂੰ ਮੁੱਖ ਧਾਰਾ ਵਿੱਚ ਲੈ ਕੇ ਜਾਣ ਵਾਲਾ ਨਹੀਂ, ਜਿਸ ਪ੍ਰਤੀ ਬ੍ਰਿਟਿਸ਼ ਸਿੱਖ ਪ੍ਰਤੀਬੰਦ ਹਨ।


ਦੂਸਰੇ ਪਾਸੇ ਸਲਮਾ ਹਮੀਦ ਇੱਕ ਮੁਸਲਮਾਨ ਔਰਤ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵਿਸਾਖੀ ਤਿਉਹਾਰ ਨਾ ਮਨਾਏ ਜਾਂਦਾ ਨਹੀਂ ਦੇਖਿਆ ਤੇ ਇਹ ਉਨ੍ਹਾਂ ਦਾ ਪਹਿਲਾ ਤਿਉਹਾਰ ਸੀ। ਉਨ੍ਹਾਂ ਕਿਹਾ ਕਿ ਉਹ ਸਾਰੇ ਭਾਈਚਾਰਿਆਂ ਨੂੰ ਇੱਕ ਮੰਚ ਤੋਂ ਲੈ ਕੇ ਆਉਣ ਦੇ ਹੱਕ ਵਿੱਚ ਹੈ। ਇਸ ਤਿਉਹਾਰ ਬਾਰੇ ਬੱਚਿਆਂ ਵਿੱਚ ਬੇਹੱਦ ਖੁਸ਼ੀ ਸੀ, ਪਰ ਸਭ ਨਿਰਾਸ਼ ਹਨ। ਸਿੱਖ ਯੂਥ ਯੂ ਕੇ ਦੇ ਇੱਕ ਵਾਲੰਟੀਅਰ ਦੀਪਾ ਸਿੰਘ ਨੇ ਆਖਿਆ ਕਿ ਇਹ ਸੱਚ ਨਹੀਂ ਕਿ ਗੁਰਿੰਦਰ ਸਿੰਘ ਦੇ ਘਰ 20-30 ਸਿੱਖ ਗਏ ਸਨ, ਨਾ ਉਥੇ ਕੋਈ ਪ੍ਰਦਰਸ਼ਨ ਹੋਇਆ ਅਤੇ ਨਾ ਉਨ੍ਹਾਂ ਨੂੰ ਧਮਕਾਇਆ ਗਿਆ। ਮੈਂ ਸਮਝਦਾ ਹਾਂ ਕਿ ਇੱਕ-ਦੋ ਸਿੱਖ ਗਏ ਹੋਣਗੇ ਅਤੇ ਉਨ੍ਹਾਂ ਨੇ ਫੋਨ 'ਤੇ ਸਿੱਖ ਭਾਈਚਾਰੇ ਨਾਲ ਜੁੜੇ ਲੋਕਾਂ ਨਾਲ ਗੱਲ ਕੀਤੀ ਹੋਵੇਗੀ।


# ਭਾਰਤੀ ਜਨਤਾ ਪਾਰਟੀ ਨੇ ਮੈਨੂੰ ਨੀਵਾਂ ਦਿਖਾਇਐ: ਕਵਿਤਾ ਖੰਨਾ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਦੀ ਟਿਕਟ ਸੰਨੀ ਦਿਓਲ ਨੂੰ ਮਿਲਣ ਤੋਂ ਭਾਵੇਂ ਮਰਹੂਮ ਅਭਿਨੇਤਾ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਨੇ ਨਿਰਾਸ਼ਾ ਪ੍ਰਗਟਾਈ, ਫਿਰ ਵੀ ਨਰਿੰਦਰ ਮੋਦੀ ਦੇ ਹੱਕ ਵਿੱਚ ਇਹ ਕਹਿ ਰਹੀ ਹੈ ਕਿ ਉਹ ਪਾਰਟੀ ਦੇ ਫੈਸਲੇ ਨਾਲ ਹਨ। ਇਥੇ ਪ੍ਰੈਸ ਕਲੱਬ ਆਫ ਇੰਡੀਆ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਭਰੀਆਂ ਅੱਖਾਂ ਨਾਲ ਕਵਿਤਾ ਖੰਨਾ ਨੇ ਕਿਹਾ ਕਿ ਭਾਜਪਾ ਨੇ ਮੈਨੂੰ ਨੀਵਾਂ ਦਿਖਾਇਆ ਹੈ। ਉਨ੍ਹਾਂ ਕਿਹਾ, ਮੈਨੂੰ ਜਾਪਦਾ ਹੈ ਕਿ ਮੇਰੇ ਨਾਲ ਧੋਖਾ ਹੋਇਆ ਹੈ, ਜੋ ਲੋਕ ਮੈਨੂੰ ਗੁਰਦਾਸਪੁਰ ਤੋਂ ਪਾਰਲੀਮੈਂਟ ਮੈਂਬਰ ਦੇਖਣਾ ਚਾਹੁੰਦੇ ਸਨ, ਉਨ੍ਹਾਂ ਲੋਕਾਂ ਦੀਆਂ ਇੱਛਾਵਾਂ ਦੀ ਅਣਦੇਖੀ ਹੋਈ ਹੈ। ਸ੍ਰੀਮਤੀ ਖੰਨਾ ਨੇ ਕਿਹਾ ਕਿ ਕਈ ਪਾਰਟੀਆਂ ਨੇ ਉਨ੍ਹਾਂ ਤੱਕ ਪਹੁੰਚ ਕੀਤੀ, ਪਰ ਉਹ ਕਿਸੇ ਹੋਰ ਪਾਰਟੀ ਵੱਲੋਂ ਚੋਣ ਨਹੀਂ ਲੜਨਗੇ। ਕਵਿਤਾ ਖੰਨਾ ਨੇ ਨਰਿੰਦਰ ਮੋਦੀ ਨੂੰ ਹਮਾਇਤ ਜਾਰੀ ਰੱਖਣ ਦਾ ਵਾਅਦਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦੁਖ ਹੋਇਆ। ਉਨ੍ਹਾਂ ਭਾਜਪਾ ਹਾਈ ਕਮਾਨ ਨਾਲ ਨਾਰਾਜ਼ਗੀ ਪ੍ਰਗਟਾਈ ਕਿ ਪਾਰਟੀ ਨੇ ਉਨ੍ਹਾਂ ਨੂੰ ਇਕੱਲੇ ਛੱਡ ਦਿੱਤਾ ਅਤੇ ਨਕਾਰ ਦੇਣ ਵਰਗਾ ਅਹਿਸਾਸ ਕਰਵਾਇਆ ਗਿਆ।


Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)






NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1




## ਆਸਾ ਰਾਮ ਦਾ ਪੁੱਤਰ ਨਾਰਾਇਣ ਵੀ ਬਲਾਤਕਾਰ ਦਾ ਦੋਸ਼ੀ ਕਰਾਰ ਦਿੱਤਾ ਗਿਆ

*** ਅਦਾਲਤ 30 ਅਪਰੈਲ ਨੂੰ ਸਜ਼ਾ ਸੁਣਾਵੇਗੀ**

ਸੂਰਤ, ਗੁਜਰਾਤ, 28 ਅਪਰੈਲ, (ਪੋਸਟ ਬਿਊਰੋ)- ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਆਸਾ ਰਾਮ ਦੇ ਮੁੰਡੇ ਨਾਰ-ਾਇਣ ਸਾਈਂ ਨੂੰ ਸੈਸ਼ਨ ਕੋਰਟ ਨੇ ਅੱਜ ਬਲਾਤਕਾਰ ਕੇਸ ਦਾ ਦੋਸ਼ੀ ਕਰਾਰ ਦੇ ਦਿੱਤਾ ਹੈ। ਸਜ਼ਾ 30 ਅਪ੍ਰੈਲ ਨੂੰ ਸੁਣਾਈ ਜਾਵੇਗੀ।



ਵਰਨਣ ਯੋਗ ਹੈ ਕਿ ਸੂਰਤ ਦੀਆਂ ਦੋ ਭੈਣਾਂ ਵੱਲੋਂ ਬਲਾਤਕਾਰ ਦਾ ਕੇਸ ਦਾਇਰ ਕਰਨ ਪਿੱਛੋਂ 40 ਸਾਲਾ ਨਾਰਾਇਣ ਸਾਈਂ ਨੂੰ ਦਸੰਬਰ 2013 ਵਿਚ ਹਰਿਆਣਾ ਦੇ ਕੁਰੂਕਸ਼ੇਤਰ ਨੇੜੇ ਪਿਪਲੀ ਕੋਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਕੇਸ ਕਰਨ ਵਾਲੀਆਂ ਦੋਵਾਂ ਭੈਣਾਂ ਵਿਚੋਂ ਇਕ ਨੇ ਸਾਈਂ ਉੱਤੇ ਦੋਸ਼ ਲਾਇਆ ਕਿ ਜਦੋਂ ਉਹ 2002 ਅਤੇ 2005 ਦੌਰਾਨ ਆਸਾ ਰਾਮ ਦੇ ਆਸ਼ਰਮ ਵਿੱਚ ਹੁੰਦੀ ਸੀ ਤਾਂ ਸਾਈਂ ਨੇ ਵਾਰ-ਵਾਰ ਉਸ ਦਾ ਬਲਾਤਕਾਰ ਕੀਤਾ ਸੀ। ਉਸ ਦੀ ਵੱਡੀ ਭੈਣ ਨੇ ਵੀ ਇਹੋ ਦੋਸ਼ ਲਾਏ ਕਿ ਜਦੋਂ ਉਹ ਅਹਿਮਦਾਬਾਦ ਦੇ ਬਾਹਰਲੇ ਆਸਾ ਰਾਮ ਆਸ਼ਰਮ ਵਿੱਚ 1997-2006 ਵਿੱਚ ਸੀ ਤਾਂ ਸਾਈਂ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਦੋਵਾਂ ਭੈਣਾਂ ਨੇ ਬਲਾਤਕਾਰ ਦੀ ਵੱਖੋ-ਵੱਖ ਸ਼ਿਕਾਇਤ ਕੀਤੀ ਸੀ। ਜਦੋਂ ਪੁਲਿਸ ਨੇ ਆਸਾ ਰਾਮ ਅਤੇ ਉਸ ਦੇ ਪੁੱਤਰ ਨਾਰਾਇਣ ਵਿਰੁੱਧ ਕੇਸ ਦਰਜ ਕੀਤਾ ਅਤੇ ਨਾਰਾਇਣ ਸਾਈਂ ਭਗੌੜਾ ਹੋ ਗਿਆ ਸੀ।


UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
• Visitor Visa ($200)
• Supervisa ($200)
• Study, Work, Visitor Extension ($125)
• Spousal Applications ($600)
• Family Sponsorship
• Permanent Residence Card Renewal ($65)
• Citizenship Applications ($70)
• All Invitation letters ($35)
OTHER PRACTICES:
• Criminal Law
• Power of Attorney ($60)
• Change of Name ($115)
• Notarization ($15)
• Travel Consent ($20)
• Affidavit ($35)
• Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਸ੍ਰੀਲੰਕਾ ਵਿੱਚ ਛਾਪੇ ਦੌਰਾਨ ਆਤਮਘਾਤੀ ਨੇ ਖੁਦ ਨੂੰ ਉਡਾਇਆ, ਛੇ ਬੱਚਿਆਂ ਸਮੇਤ 15 ਦੀ ਮੌਤ

ਕੋਲੰਬੋ, 28 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਦੇ ਪੂਰਬੀ ਸੂਬੇ ਵਿੱਚ ਸੁਰੱਖਿਆ ਫੋਰਸਾਂ ਨਾਲ ਮੁਕਾ-ਬਲੇ ਦੌਰਾਨ ਆਤਮਘਾਤੀ ਹਮਲਾਵਰਾਂ ਨੇ ਖੁਦ ਨੂੰ ਉਡਾ ਲਿਆ, ਜਿਸ ਕਾਰਨ ਛੇ ਬੱਚਿਆਂ ਅਤੇ ਤਿੰਨ ਔਰਤਾਂ ਸਮੇਤ ਘੱਟੋ-ਘੱਟ 15 ਵਿਅਕਤੀ ਮਾਰੇ ਗਏ ਹਨ, ਪਰ ਛਾਪੇ ਅਜੇ ਵੀ ਜਾਰੀ ਹਨ। ਪੁਲਸ ਨੇ ਦੱਸਿਆ ਕਿ ਸੁਰੱਖਿਆ ਫੋਰਸਾਂ ਦੇ ਜਵਾਨ ਪਿਛਲੇ ਐਤਵਾਰ ਹੋਏ ਧਮਾਕਿਆਂ ਲਈ ਜ਼ਿੰਮੇਵਾਰ ਇੱਕ ਸਥਾਨਕ ਅੱਤਵਾਦੀ ਗਰੁੱਪ ਨੈਸ਼ਨਲ ਤੌਹੀਦ ਜਮਾਤ ਦੇ ਮੈਂਬਰਾਂ ਦੀ ਭਾਲ ਕਰ ਰਹੇ ਸਨ। ਇਸ ਦੌਰਾਨ ਹੋਏ ਮੁਕਾਬਲੇ ਵਿੱਚ ਚਾਰ ਸ਼ੱਕੀ ਆਤਮਘਾਤੀ ਹਮਲਾਵਰ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਆਤਮਘਾਤੀ ਹਮਲਾਵਰਾਂ ਵੱਲੋਂ ਖੁਦ ਨੂੰ ਉਡਾਏ ਜਾਣ ਕਾਰਨ ਉਕਤ 15 ਵਿਅਕਤੀਆਂ ਦੀ ਜਾਨ ਚਲੀ ਗਈ। ਸੁਰੱਖਿਆ ਕੌਂਸਲ ਦੀ ਸ਼ੁੱਕਰਵਾਰ ਰਾਤ ਹੋਈ ਬੈਠਕ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਅੱਤਵਾਦੀਆਂ ਵਿਰੁੱਧ ਕਾਰਵਾਈ ਲਈ ਤਲਾਸ਼ੀਆਂ ਦੀ ਮੁਹਿੰਮ ਉਨ੍ਹਾਂ ਦੇ ਖਾਤਮੇ ਤੱਕ ਜਾਰੀ ਰੱਖੀ ਜਾਏਗੀ। ਮਿਲੀਆਂ ਵਿਸਥਾਰਤ ਰਿਪੋਰਟਾਂ ਮੁਤਾਬਕ ਪੁਲਸ ਦੀ ਵਿਸ਼ੇਸ਼ ਟਾਸਕ ਫੋਰਸ ਅਤੇ ਫੌਜੀ ਜਵਾਨਾਂ ਨੇ ਇੱਕ ਖੁਫੀਆ ਸੂਚਨਾ ਉੱਤੇ ਕੋਲੰਬੋ ਤੋਂ ਲਗਭਗ 360 ਕਿਲੋਮੀਟਰ ਦੂਰ ਕਲਮੁਨਈ ਸ਼ਹਿਰ ਦੇ ਇੱਕ ਮਕਾਨ 'ਤੇ ਛਾਪਾ ਮਾਰਿਆ। ਉਥੇ ਹਥਿਆਰਬੰਦ ਅੱਤਵਾਦੀਆਂ ਨਾਲ ਭਿਆਨਕ ਮੁਕਾਬਲਾ ਸ਼ੁਰੂ ਹੋਇਆ। ਇਸ ਦੌਰਾਨ ਚਾਰ ਅੱਤਵਾਦੀਆਂ ਨੇ ਖੁਦ ਨੂੰ ਵਿਸਫੋਟਕਾਂ ਨਾਲ ਉਡਾ ਲਿਆ। ਮੌਕੇ ਤੋਂ ਹਮਲਾਵਰਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇੱਕ ਮ੍ਰਿਤਕ ਅੱਤਵਾਦੀ ਕੋਲੋਂ ਟੀ-56 ਅਸਾਲਟ ਰਾਈਫਲ ਵੀ ਮਿਲੀ ਹੈ ਅਤੇ ਭਾਰੀ ਮਾਤਰਾ ਵਿੱਚ ਵਿਸਫੋਟਕ ਵੀ ਬਰਾਮਦ ਹੋਏ। ਉਥੋਂ ਫੌਜ ਦੀ ਵਰਦੀ, ਆਈ ਐਸ ਦੇ ਝੰਡੇ, ਡੈਟੋਨੇਟਰ ਅਤੇ ਆਤਮਘਾਤੀ ਕਿੱਟਾਂ ਵੀ ਬਰਾਮਦ ਹੋਈਆਂ।



ਘਟਨਾ ਸਥਾਨ ਉਤੇ ਮੌਜੂਦ ਕਰਮਚਾਰੀ ਮਲਬਾ ਇਕੱਠਾ ਕਰਦੇ ਹੋਏ।

ਦੂਸਰੇ ਪਸੇ ਅਮਰੀਕਾ ਦੇ ਵਿਦੇਸ਼ ਮੰਤਰਾਲਾ ਨੇ ਸ੍ਰੀਲੰਕਾ ਯਾਤਰਾ ਚਿਤਾਵਨੀ ਦਾ ਪੱਧਰ ਵਧਾਉਂਦਿਆਂ ਆਪਣੇ ਨਾਗਰਿਕਾਂ ਨੂੰ ਇਸ ਦੇਸ਼ ਦੀ ਯਾਤਰਾ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ। ਅਮਰੀਕਾ ਨੇ ਯਾਤਰਾ ਖਤਰੇ ਦਾ ਪੱਧਰ ਵਧਾ ਕੇ ਤਿੰਨ ਕਰ ਦਿੱਤਾ ਹੈ। ਸਰਕਾਰ ਨੇ ਸ੍ਰੀਲੰਕਾ ਵਿੱਚ ਸੁਰੱਖਿਆ ਦੀ ਸਥਿਤੀ ਨੂੰ ਦੇਖਦੇ ਹੋਏ ਭਾਰਤੀ ਨਾਗਰਿਕਾਂ ਨੂੰ ਉਥੋਂ ਦੀ ਯਾਤਰਾ 'ਤੇ ਨਾ ਜਾਣ ਦੀ ਸਲਾਹ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਬੀਤੇ ਦਿਨ ਇਥੇ ਜਾਰੀ ਇੱਕ ਸਲਾਹ ਵਿੱਚ ਕਿਹਾ, 21 ਅਪ੍ਰੈਲ ਨੂੰ ਅੱਤਵਾਦੀ ਹਮਲਿਆਂ ਤੋਂ ਬਾਅਦ ਸੁਰੱਖਿਆ ਹਾਲਾਤ ਨੂੰ ਵੇਖਦੇ ਹੋਏ ਸ੍ਰੀਲੰਕਾ ਦੀ ਯਾਤਰਾ ਕਰਨ ਦੇ ਇਛੁੱਕ ਨਾਗਰਿਕਾਂ ਨੂੰ ਉਥੋਂ ਦੀ ਗੈਰ-ਜ਼ਰੂਰੀ ਯਾਤਰਾ ਕਰਨ ਤੋਂ ਬਚਣਾ ਚਾਹੀਦਾ ਹੈ।

## ਪ੍ਰਸਨੈਲਿਟੀ ਕੁਇਜ਼ ਐਪਸ ਉੱਤੇ ਫੇਸਬੁਕ ਨੇ ਪਾਬੰਦੀ ਲਾਈ

ਸਾਨ ਫਰਾਂਸਿਸਕੋ, 28 ਅਪ੍ਰੈਲ (ਪੋਸਟ ਬਿਊਰੋ)- ਸੋਸ਼ਲ ਮੀਡੀਆ ਦੀ ਵੱਡੀ ਕੰਪਨੀ ਫੇਸਬੁਕ ਨੇ ਆਪਣੇ ਪਲੇਟਫਾਰਮ 'ਤੇ ਪ੍ਰਸਨੈਲਿਟੀ ਕੁਇਜ਼ ਐਪਸ 'ਤੇ ਪਾਬੰਦੀ ਲਾ ਦਿੱਤੀ ਹੈ। ਪਿਛਲੇ ਸਾਲ ਬ੍ਰਿਟਿਸ਼ ਫਰਮ ਕੈਂਬਰਿਜ ਐਨਾਲਿਟਿਕਾ ਵੱਲੋਂ ਫੇਸਬੁਕ ਯੂਜ਼ਰਸ ਦਾ ਡਾਟਾ ਚੋਰੀ ਕਨਰ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਸੋਸ਼ਲ ਮੀਡੀਆ ਕੰਪਨੀ ਨੇ ਇਹ ਫੈਸਲਾ ਕੀਤਾ ਹੈ। ਇਸ ਮਾਮਲੇ ਕਾਰਨ ਫੇਸਬੁਕ ਲੰਬੇ ਸਮੇਂ ਤੋਂ ਨਿਸ਼ਾਨੇ 'ਤੇ ਹੈ।

ਵਰਨਣ ਯੋਗ ਹੈ ਕਿ ਪ੍ਰਸਨੈਲਿਟੀ ਕੁਇਜ਼ ਐਪਸ ਰਾਹੀਂ ਯੂਜ਼ਰਸ ਤੋਂ ਉਸ ਦੇ ਸਿਆਸੀ ਅਤੇ ਨਿੱਜੀ ਪਸੰਦ ਨਾਲ ਸੰਬੰਧਤ ਸਵਾਲ ਪੁੱਛੇ ਜਾਂਦੇ ਹਨ। ਫਿਰ ਉਨ੍ਹਾਂ ਵੱਲੋਂ ਦਿੱਤੀਆਂ ਜਾਣਕਾਰੀਆਂ ਤੋਂ ਡਾਟਾ ਤਿਆਰ ਕੀਤਾ ਜਾਂਦਾ ਹੈ। 2014 ਵਿੱਚ ਕੈਂਬਰਿਜ ਦੇ ਇੱਕ ਖੋਜਕਰਤਾ ਨੇ ਇਸੇ ਤਰ੍ਹਾਂ ਐਪ 'ਦਿਸ ਇਜ਼ ਯੌਰ ਡਿਜੀਟਲ ਲਾਈਫ' ਤੋਂ ਕਰੀਬ 8.7 ਕਰੋੜ ਫੇਸਬੁਕ ਯੂਜ਼ਰਸ ਦਾ ਡਾਟਾ ਇਕੱਠਾ ਕੀਤਾ ਸੀ। ਫਿਰ ਉਸ ਦਾ ਡਾਟਾ ਨੂੰ ਕੈਂਬਰਿਜ਼ ਐਨਾਲਿਟਿਕਾ ਨੂੰ ਸੌਂਪ ਦਿੱਤਾ। ਉਸ ਡਾਟਾ ਦੀ ਵਰਤੋਂ 2016 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਨੂੰ ਪ੍ਰਭਾਵਤ ਕਰਨ ਲਈ ਕੀਤੀ ਗਈ ਸੀ। ਇਸ ਕਾਰਨ ਆਲੋਚਨਾ ਦਾ ਸਾਹਮਣਾ ਕਰ ਰਹੀ ਕੰਪਨੀ ਫੇਸਬੁਕ ਨੇ ਆਖਰਕਾਰ ਪ੍ਰਸਨੈਲਿਟੀ ਕੁਇਜ਼ ਐਪਸ 'ਤੇ ਰੋਕ ਲਗਾ ਦਿੱਤੀ ਹੈ। ਫੇਸਬੁਕ ਦਾ ਕਹਿਣਾ ਹੈ ਕਿ ਸ਼ੱਕੀ ਐਪ ਡਿਵੈਲਪਰ 'ਤੇ ਹੋ ਰਹੀ ਕਾਰਵਾਈ ਦੌਰਾਨ ਇਹ ਕਦਮ ਚੁੱਕਿਆ ਗਿਆ ਹੈ। ਸ਼ੁੱਕਰਵਾਰ ਨੂੰ ਜਾਰੀ ਬਿਆਨ ਵਿੱਚ ਫੇਸਬੁਕ ਵੱਲੋਂ ਕਿਹਾ ਗਿਆ ਕਿ ਅਸੀਂ ਨੀਤੀਆਂ 'ਚ ਬਦਲਾਅ ਕੀਤਾ ਹੈ। ਇਸ ਨਾਲ ਘੱਟ ਉਪਯੋਗਤਾ ਵਾਲੇ ਐਪ ਜਿਵੇਂ ਪ੍ਰਸਨੈਲਿਟੀ ਕੁਇਜ਼ ਐਪ ਆਦਿ ਦੀ ਸਾਡੀ ਪਲੇਟਫਾਰਮ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਦੇ ਇਲਾਵਾ ਪੁਰਾਣੇ ਐਪ ਵੀ ਯੂਜ਼ਰਸ ਦੇ ਡਾਟਾ ਤੱਕ ਪਹੁੰਚ ਨਹੀਂ ਬਣਾ ਸਕਣਗੇ।

## ਇਮਰਾਨ ਦੇ ਵਿਆਹੁਤਾ ਜੀਵਨ ਬਾਰੇ ਪ੍ਰੋਗਰਾਮ ਦਿਖਾਉਣ ਵਾਲੇ ਚੈਨਲ ਨੂੰ 10 ਲੱਖ ਜੁਰਮਾਨਾ

ਲਾਹੌਰ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਲੈਕਟ੍ਰੋਨਿਕ ਮੀਡੀਆ ਦੀ ਕੰਟਰੋਲਰ ਸੰਸਥਾ ਪਾਕਿਸਤਾਨ ਇਲੈਕਟ੍ਰੋਨਿਕ ਮੀਡੀਆ ਰੈਗੂਲੇਟਰੀ ਅਥਾਰਟੀ (ਪੇਮਰਾ) ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿਆਹੁਤਾ ਜੀਵਨ ਬਾਰੇ ਪ੍ਰੋਗਰਾਮ ਪ੍ਰਸਾਰਿਤ ਕਰਨ ਵਾਲੇ ਇੱਕ ਨਿੱਜੀ ਟੀ ਵੀ ਚੈਨਲ ਨੂੰ ਕੱਲ੍ਹ 10 ਲੱਖ ਰੁਪਏ ਦਾ ਜੁਰਮਾਨਾ ਲਾਇਆ। ਇਸ ਪ੍ਰੋਗਰਾਮ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਮਰਾਨ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਦੇ ਰਿਸ਼ਤਿਆਂ ਵਿੱਚ ਖਟਾਸ ਆ ਗਈ ਹੈ। ਪੇਮਰਾ ਨੇ ਚੈਨਲ ਨੂੰ ਇਹ ਨਿਰਦੇਸ਼ ਵੀ ਦਿੱਤਾ ਕਿ ਉਹ ਪ੍ਰਾਈਮ ਟਾਈਮ ਵਿੱਚ ਉਸੇ ਢੰਗ ਨਾਲ ਆਪਣੇ ਦਰਸ਼ਕਾਂ ਤੋਂ ਸੱਤ ਦਿਨਾਂ ਦੇ ਅੰਦਰ ਮੁਆਫੀ ਮੰਗੇ, ਜਿਸ ਢੰਗ ਨਾਲ ਉਸ ਨੇ ਪ੍ਰੋਗਰਾਮ ਪੇਸ਼ ਕੀਤਾ ਸੀ। ਇਹ ਪ੍ਰੋਗਰਾਮ ਪ੍ਰਾਈਮ ਟਾਈਮ ਵਿੱਚ ਹੀ ਦਿਖਾਇਆ ਗਿਆ ਸੀ।

ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਦੇ ਸਾਬਕਾ ਪ੍ਰਧਾਨ ਨਜ਼ਮ ਸੇਠੀ ਨੇ ਚੈਨਲ 24 ਨਿਊਜ਼ 'ਤੇ ਤੀਹ ਮਾਰਚ ਨੂੰ ਪ੍ਰਸਾਰਿਤ ਪ੍ਰੋਗਰਾਮ 'ਨਜ਼ਮ ਸੇਠੀ ਦੇ ਨਾਲ' ਵਿੱਚ ਖੁਲਾਸਾ ਕੀਤਾ ਸੀ ਕਿ ਇਮਰਾਨ ਅਤੇ ਉਨ੍ਹਾਂ ਦੀ ਤੀਸਰੀ ਪਤਨੀ ਵਿਚਾਲੇ ਗੰਭੀਰ ਮਤਭੇਦ ਪੈਦਾ ਹੋ ਗਏ ਹਨ। ਸੇਠੀ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਇਮਰਾਨ ਦੇ ਪਿਛਲੇ ਦੋ ਵਿਆਹਾਂ ਵਾਂਗ ਉਨ੍ਹਾਂ ਦਾ ਤੀਸਰਾ ਵਿਆਹ ਟੁੱਟ ਸਕਦਾ ਹੈ। ਇਸ ਵਿਵਾਦਤ ਪ੍ਰੋਗਰਾਮ ਦੇ ਪ੍ਰਸਾਰਨ ਦੇ ਬਾਅਦ ਇਮਰਾਨ ਨੇ ਪੇਮਰਾ ਦੀ ਸ਼ਿਕਾਇਤ ਕੌਂਸਲ ਵਿੱਚ ਇੱਕ ਸ਼ਿਕਾਇਤ ਦਾਖਲ ਕੀਤੀ ਸੀ। ਸੇਠੀ ਦੇ ਖੁਲਾਸੇ ਦੇ ਬਾਅਦ ਇਮਰਾਨ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਉਹ ਆਪਣੀ ਪਤਨੀ ਬੁਸ਼ਰਾ ਬੀਬੀ ਦੇ ਨਾਲ ਖੁਸ਼ੀ-ਖੁਸ਼ੀ ਰਹਿ ਰਹੇ ਹਨ ਅਤੇ ਆਪਣੇ ਆਖਰੀ ਸਾਹ ਤੱਕ ਉਨ੍ਹਾਂ ਦੇ ਨਾਲ ਰਹਿਣਗੇ।




## ਹਮਲਿਆਂ ਪਿੱਛੋਂ ਪਾਕਿਸਤਾਨ ਵਿੱਚ ਪੋਲੀਓ ਮੁਹਿੰਮ ਰੋਕੀ ਗਈ

ਪਾਕਿਸਤਾਨ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਪੋਲੀਓ ਦੀਆਂ ਬੂੰਦਾਂ ਪਿਲਾ ਰਹੇ ਵਰਕਰਾਂ 'ਤੇ ਹਮਲਿਆਂ ਨੂੰ ਮੁੱਖ ਰੱਖਦਿਆਂ ਇਹ ਮੁਹਿੰਮ ਰੋਕ ਦਿੱਤੀ ਹੈ। ਬੀਤੇ ਸੋਮਵਾਰ ਸ਼ੁਰੂ ਹੋਈ ਇਸ ਮੁਹਿੰਮ ਦੌਰਾਨ ਵੱਖ-ਵੱਖ ਥਾਵਾਂ ਉਤੇ ਹੋਏ ਹਮਲਿਆਂ ਵਿੱਚ ਕਈ ਵਰਕਰਾਂ ਦੀ ਮੌਤ ਹੋ ਚੁੱਕੀ ਹੈ। ਇਸ ਮੁਹਿੰਮ ਲਈ ਸਰਕਾਰ ਨੇ 2,60,000 ਵਰਕਰਾਂ ਦੀ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੀ ਡਿਊਟੀ ਲਾਈ ਸੀ। ਪਿਸ਼ਾਵਰ ਦੇ ਕੁਝ ਇਲਾਕਿਆਂ ਵਿੱਚ 75 ਬੱਚਿਆਂ ਨੂੰ ਬੂੰਦਾਂ ਪਿਲਾਉਣ ਪਿੱਛੋਂ ਹਸਪਤਾਲ ਲਿਜਾਣਾ ਪਿਆ ਕਿਉਂਕਿ ਉਨ੍ਹਾਂ ਨੂੰ ਸਿਰਦਰਦ ਤੇ ਉਲਟੀਆਂ ਦੀ ਤਕਲੀਫ ਹੋਈ। ਖੈਬਰ ਪਖਤੂਨਖਵਾ ਦੇ 85 ਫੀਸਦੀ ਪਰਵਾਰਾਂ ਨੇ ਆਪਣੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣ ਤੋਂ ਨਾਂਹ ਕਰ ਦਿੱਤੀ।




ਬਲੋਚਿਸਤਾਨ ਦੇ ਚਮਨ ਖੇਤਰ ਵਿੱਚ ਪੋਲੀਓ ਬੂੰਦਾਂ ਪਿਲਾ ਰਹੀ ਇੱਕ ਵਰਕਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਦੇ ਬਾਅਦ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਲਾਹਕਾਰ ਬਾਬਰ-ਬਿਨ-ਅਤਾ ਨੇ ਕਿਹਾ ਕਿ ਪੋਲੀਓ ਦੀ ਰੋਕਥਾਮ ਲਈ ਪਿਲਾਈਆਂ ਜਾ ਰਹੀਆਂ ਬੂੰਦਾਂ ਠੀਕ ਹਨ, ਪਰ ਕੁਝ ਸ਼ਰਾਰਤੀ ਅਨਸਰ ਇਸ ਮੁਹਿੰਮ ਖਿਲਾਫ ਝੂਠਾ ਪ੍ਰਚਾਰ ਕਰ ਰਹੇ ਹਨ ਜਿਸ ਕਾਰਨ ਮਾਪਿਆਂ ਵਿੱਚ ਡਰ ਦਾ ਮਾਹੌਲ ਹੈ। ਨੈਸ਼ਨਲ ਐਮਰਜੈਂਸੀ ਆਪਰੇਸ਼ਨ ਸੈਂਟਰ (ਈ ਓ ਸੀ) ਨੇ ਸਾਰੇ ਸੂਬਿਆਂ ਨੂੰ ਪੱਤਰ ਜਾਰੀ ਕਰ ਕੇ ਫਿਲਹਾਲ ਇਸ ਮੁਹਿੰਮ ਨੂੰ ਬੰਦ ਕਰਨ ਲਈ ਕਿਹਾ ਹੈ।

ਪਾਕਿਸਤਾਨ ਉਨ੍ਹਾਂ ਤਿੰਨਾਂ ਦੇਸ਼ਾਂ ਵਿਚ ਸ਼ਾਮਲ ਹੈ ਜਿੱਥੇ ਪੋਲੀਓ ਦੀ ਬਿਮਾਰੀ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਕੀਤਾ ਜਾ ਸਕਿਆ। ਇਹ ਮੁਹਿੰਮ ਦੇਸ਼ ਦੇ ਚਾਰ ਰਾਜਾਂ ਅਤੇ ਮਕਬੂਜ਼ਾ ਕਸ਼ਮੀਰ ਤੇ ਗਿਲਗਿਤ-ਬਾਲਸਿਤਾਨ ਲਈ ਵਿਸ਼ੇਸ਼ ਤੌਰ 'ਤੇ ਚਲਾਈ ਗਈ ਸੀ। ਪਾਕਿਸਤਾਨ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ, ਜਦੋਂ ਵਿਸ਼ਵ ਸਿਹਤ ਸੰਸਥਾ ਵੱਲੋਂ ਸਪਾਂਸਰਡ ਪੋਲੀਓ ਰੋਕੂ ਮੁਹਿੰਮ ਬੰਦ ਕੀਤੀ ਗਈ ਹੈ।

## ਬ੍ਰਿਟੇਨ ਵਿੱਚ 36000 ਸਟੂਡੈਂਟਸ ਦੇ ਵੀਜ਼ੇ ਰੱਦ ਹੋਣ ਦੀ ਗ੍ਰਹਿ ਵਿਭਾਗ ਵੱਲੋਂ ਜਾਂਚ

ਲੰਡਨ, 28 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਵੱਲੋਂ ਅੰਗਰੇਜ਼ੀ ਟੈਸਟ ਵੇਲੇ ਘਪਲਾ ਕਰਨ ਉਤੇ 36000 ਵਿਦਿਆਰਥੀਆਂ ਦੇ ਵੀਜ਼ਾ ਰੱਦ ਕਰਨ ਦੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਸਾਲ 2014 ਵਿੱਚ ਇਹ ਕੇਸ ਸਾਹਮਣੇ ਆਉਣ 'ਤੇ ਗ੍ਰਹਿ ਵਿਭਾਗ ਵੱਲੋਂ 1000 ਲੋਕਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਸੀ।




ਨੈਸ਼ਨਲ ਆਡਿਟ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਗ੍ਰਹਿ ਵਿਭਾਗ ਵੱਲੋਂ ਧੋਖਾਧੜੀ ਕਰਨ ਦੇ ਸਬੂਤ ਮਿਲਣ ਪਿੱਛੋਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ, ਪਰ ਲੋਕਾਂ ਅਤੇ ਪਾਰਲੀਮੈਂਟ ਵੱਲੋਂ ਵਿੰਡਰਸ਼ ਘਪਲੇ ਦਾ ਰੌਲਾ ਪੈਣ ਤੋਂ ਬਾਅਦ ਇਸ ਫੈਸਲੇ ਉੱਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ। ਬੀ ਬੀ ਸੀ ਪੈਨੋਰਾਮਾ ਜਾਂਚ ਪ੍ਰੋਗਰਾਮ ਰਾਹੀਂ ਇਸ ਬਾਰੇ ਦੋ ਸੈਂਟਰਾਂ ਵਿੱਚ ਘਪਲਾ ਹੋਣ ਦੀ ਗੱਲ ਸਾਹਮਣੇ ਆਈ ਸੀ। ਇਸ ਰਿਪੋਰਟ ਬਾਰੇ ਮੌਜੂਦਾ ਪ੍ਰਧਾਨ ਮੰਤਰੀ ਅਤੇ ਉਸ ਸਮੇਂ ਦੀ ਗ੍ਰਹਿ ਮੰਤਰੀ ਥੈਰੇਸਾ ਮੇਅ ਨੇ ਕਿਹਾ ਸੀ ਕਿ ਇਹ ਸਬੂਤ ਬਹੁਤ ਹੈਰਾਨੀ ਵਾਲੇ ਕੇਸ ਹਨ। ਗ੍ਰਹਿ ਵਿਭਾਗ ਨੇ ਇਸ ਤੋਂ ਬਾਅਦ ਯੂ ਐੱਸ ਦੀ ਇੱਕ ਕੰਪਨੀ ਨੂੰ ਜਾਂਚ ਦੇ ਹੁਕਮ ਦਿੱਤੇ ਸਨ, ਜਿਸ ਨੇ 58000 ਤੋਂ ਵੱਧ ਟੈਸਟਾਂ ਨੂੰ ਵੇਖਿਆ, ਜੋ 2011 ਤੋਂ 2014 ਤੱਕ ਲਏ ਗਏ ਸਨ।

ਗ੍ਰਹਿ ਵਿਭਾਗ ਅਨੁਸਾਰ ਇਸ ਘਪਲੇ ਵਿੱਚ 25 ਲੋਕਾਂ ਨੂੰ ਦੋਸ਼ੀ ਪਾਇਆ ਗਿਆ, ਪਰ ਲੇਬਰ ਪਾਰਟੀ ਦੇ ਐੱਮ ਪੀ ਸਟੀਫਨ ਟਿਮਸ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਨੂੰ ਗਲਤ ਫਸਾਇਆ ਗਿਆ ਤੇ ਉਨ੍ਹਾਂ ਨੂੰ ਅਪੀਲ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਗਿਆ। ਬੰਗਲਾ ਦੇਸ਼ ਤੋਂ 2010 ਵਿੱਚ ਆਈ ਫਾਤਿਮਾ ਚੌਧਰੀ ਨੇ ਕਿਹਾ ਕਿ ਉਸ ਨੇ ਯੂਨੀਵਰਸਿਟੀ ਆਫ ਲੰਡਨ ਤੋਂ 2014 ਵਿੱਚ ਕਾਨੂੰਨ ਦੀ ਡਿਗਰੀ ਪੂਰੀ ਕੀਤੀ।

## ਪਹਿਲਾ ਰੋਬੋਟ ਬਣਾਉਣ ਵਾਲੇ ਨਿਲਸ ਨਿਲਸਨ ਦਾ ਦੇਹਾਂਤ



ਵਾਸ਼ਿੰਗਟਨ, 28 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਪ੍ਰਸਿੱਧ ਕੰਪਿਊਟਰ ਵਿਗਿਆਨੀ ਨਿਲਸ ਨਿਸਲਨ ਦਾ ਪਿਛਲੇ ਓਰੇਗਨ ਦੇ ਉਨ੍ਹਾਂ ਦੇ ਘਰ ਵਿੱਚ ਦੇਹਾਂਤ ਹੋ ਗਿਆ। ਉਹ 86 ਸਾਲ ਦੇ ਸਨ। ਦੁਨੀਆ ਦਾ ਪਹਿਲਾ ਰੋਬੋਟ ਬਣਾਉਣ ਤੇ ਮਸ਼ੀਨ ਨੂੰ ਦਿਮਾਗ ਦੇਣ ਦੀ ਤਕਨੀਕ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਸੀ। ਉਨ੍ਹਾਂ ਨੇ ਰੋਬੋਟਿਕਸ ਤੇ ਨਿਊਰਲ ਨੈਟਵਰਕ ਦੇ ਖੇਤਰ 'ਚ ਵੀ ਕਈ ਅਹਿਮ ਖੋਜਾਂ ਕੀਤੀਆਂ ਸਨ।

ਨਿਲਸਨ ਦਾ ਜਨਮ 1933 'ਚ ਮਿਸ਼ੀਗਨ 'ਚ ਹੋਇਆ ਸੀ। 1958 'ਚ ਉਨ੍ਹਾਂ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਪੀ ਐਚ ਡੀ ਪੂਰੀ ਕੀਤੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਤਿੰਨ ਸਾਲ ਏਅਰ ਫੋਰਸ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ। ਫਿਰ ਉਹ ਸਟੈਨਫੋਰਡ ਦੀ ਨਿੱਜੀ ਲੈਬ 'ਸਟੈਨਫੋਰਡ ਰਿਸਰਚ ਇੰਸਟੀਚਿਊਟ' (ਐਸ ਆਰ ਆਈ ਇੰਟਰਨੈਸ਼ਨਲ) ਦਾ 23 ਸਾਲਾਂ ਤੱਕ ਹਿੱਸਾ ਰਹੇ ਅਤੇ ਉਥੇ ਕੰਪਿਊਟਰ ਵਿਗਿਆਨੀ ਤੇ ਇਲੈਕਟ੍ਰੀਕਲ ਇੰਜੀਨੀਅਰ ਦੀ ਟੀਮ ਨਾਲ ਮਿਲ ਕੇ ਉਨ੍ਹਾਂ ਨੇ 1966-72 ਵਿਚਕਾਰ ਪਹਿਲਾ ਆਟੋਮੈਟਿਕ ਰੋਬੋਟ ਵਿਕਸਤ ਕੀਤਾ। ਇਸ ਰੋਬੋਟ ਦਾ ਨਾਂ ਸ਼ੇਕੀ ਰੱਖਿਆ ਗਿਆ ਸੀ। ਉਨ੍ਹਾਂ ਨੇ ਟੀਮ ਨਾਲ ਮਿਲ ਕੇ ਏ ਆਈ ਦੇ ਐਲਗੋਰਿਦਮ ਉੱਤੇ ਵੀ ਕੰਮ ਕੀਤਾ। 1985 'ਚ ਉਨ੍ਹਾਂ ਨੂੰ ਸਟੈਨਫੋਰਡ ਯੂਨੀਵਰਸਿਟੀ 'ਚ ਕੰਪਿਊਟਰ ਸਾਇੰਸ ਵਿਭਾਗ ਦਾ ਮੁਖੀ ਬਣਾਇਆ ਗਿਆ ਸੀ। ਉਹ ਕਰੀਬ ਪੰਜ ਸਾਲ ਇਸ ਅਹੁਦੇ 'ਤੇ ਬਣੇ ਰਹੇ। ਕਈ ਦਹਾਕੇ ਲੰਬੇ ਕਰੀਅਰ ਵਿੱਚ ਉਨ੍ਹਾਂ ਕਈ ਕਿਤਾਬਾਂ ਵੀ ਲਿਖੀਆਂ ਸਨ।


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: · Complete Basement · Tiles · Bathrooms · Plumbing · Laminate · Hardwood Floor · Painting
$1,000
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For: RESP, SUPER -VISA,& TRAVEL Insurance
H.Randhawa 416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
◦ Low Down payment/Flexible Terms
◦ Large Inventory of New Trucks & Trailers
◦ Quick Approvals ◦ Honest Service
◦ Best Rate in Town ◦ Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4 ........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109






# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate ਹੁਣ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or +1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜ਼ਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੋਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202





Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post



ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202



Check our Free E-paper at: www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ





## Wanted Office Clerk & Office Administrator

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca



## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



## STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਪਾਰਲੀਮੈਂਟ ਚੋਣਾਂ ਮੌਕੇ ਰੈਫਰੈਂਡਮ-20 ਦਾ ਮੁੱਦਾ ਇੱਕ ਵਾਰ ਫਿਰ ਭਖਿਆ

## * ਹਰਦੀਪ ਸਿੰਘ ਨਿੱਝਰ ਬਾਰੇ ਕੈਪਟਨ ਦੀ ਕੈਨੇਡਾ ਨੂੰ ਚੇਤਾਵਨੀ



ਚੰਡੀਗੜ੍ਹ, 28 ਅਪਰੈਲ, (ਪੋਸਟ ਬਿਊਰੋ)- ਭਾਰਤ ਸਰਕਾਰ ਲਈ ਵਾਂਟਿਡ ਦੱਸੇ ਜਾਂਦੇ ਖਾਲਿਸਤਾਨੀ ਸੋਚ ਵਾਲੇ ਹਰਦੀਪ ਸਿੰਘ ਨਿੱਝਰ ਦੀ 'ਰੈਫਰੈਂਡਮ 2020' ਨਾਲ ਨਿਯੁਕਤੀ ਦੇ ਖਿਲਾਫ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਖਤ ਸਟੈਂਡ ਲੈ ਕੇ ਅੱਜ ਸ਼ਨੀਵਾਰ ਨੂੰ ਕਿਹਾ ਹੈ ਕਿ ਇਸ ਨੇ 'ਸਿੱਖਸ ਫਾਰ ਜਸਟਿਸ' ਦਾ ਅਸਲੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਨਿੱਝਰ ਦੀ ਨਿਯੁਕਤੀ ਦਾ ਮੁੱਦਾ ਕੌਮਾਂਤਰੀ ਪੱਧਰ ਉੱਤੇ ਚੁੱਕਣਾ ਚਾਹੀਦਾ ਹੈ, ਕਿਉਂਕਿ ਇਹ ਕਦਮ ਭਾਰਤ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਕਰ ਸਕਦਾ ਹੈ।

ਇਸ ਸੰਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਫਰਵਰੀ 2018 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਅਮ੍ਰਿਤਸਰ ਵਿਖੇ ਮੁਲਾਕਾਤ ਦੌਰਾਨ ਨਿੱਝਰ ਦਾ ਮੁੱਦਾ ਉਠਾਇਆ ਤੇ ਕਿਹਾ ਸੀ ਕਿ ਕੈਨੇਡਾ ਸਰਕਾਰ ਨੂੰ ਅਜਿਹੇ ਗਰਮ ਖਿਆਲੀ ਲੋਕਾਂ ਨੂੰ ਆਪਣੀ ਧਰਤੀ ਤੋਂ ਸਿਰ ਨਹੀਂ ਚੁੱਕਣ ਦੇਣਾ ਚਾਹੀਦਾ। ਉਨ੍ਹਾਂ ਨੇ ਟਰੂਡੋ ਨੂੰ ਇਹ ਵੀ ਕਿਹਾ ਸੀ ਕਿ ਉਹ ਅਜਿਹੇ ਅਨਸਰਾਂ ਨੂੰ ਭਾਰਤ ਵਿੱਚ ਸ਼ਾਂਤੀ ਤੇ ਸਥਿਰਤਾ ਭੰਗ ਕਰਨ ਦੀ ਸਰਗਰਮੀ ਆਪਣੀ ਧਰਤੀ ਤੋਂ ਚਲਾਉਣ ਦੀ ਆਗਿਆ ਨਾ ਦੇਣ ਅਤੇ ਪੰਜਾਬ ਅਤੇ ਦੁਨੀਆ ਦੇ ਹੋਰ ਹਿੱਸਿਆਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋਣ ਤੋਂ ਰੋਕਣ ਲਈ ਅਜਿਹਾ ਕੁਝ ਕੀਤਾ ਜਾਣਾ ਜ਼ਰੂਰੀ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ 'ਰੈਫਰੈਂਡਮ 2020' ਅੱਗੇ ਵੀ ਸ਼ਾਂਤਮਈ ਮੂਵਮੈਂਟ ਨਹੀਂ ਸੀ, ਇਸ ਵਿੱਚ ਨਿੱਝਰ ਨੂੰ ਸ਼ਾਮਲ ਕਰ ਕੇ ਇਸ ਜਥੇਬੰਦੀ ਨੇ ਦੱਸ ਦਿੱਤਾ ਹੈ ਕਿ ਉਹ ਹਿੰਸਕ ਮੁਹਿੰਮ ਚਲਾ ਰਹੀ ਹੈ ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਇਸ ਨੂੰ ਹਮਾਇਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਪਤਵੰਤ ਸਿੰਘ ਪਨੂੰ ਅਤੇ ਨਿੱਝਰ ਦੋਵੇਂ ਭਾਰਤ ਅਤੇ ਪੰਜਾਬ ਵਿੱਚ ਬਦਅਮਨੀ ਨੂੰ ਹੱਲਾਸ਼ੇਰੀ ਦੇਣਾ ਚਾਹੁੰਦੇ ਹਨ ਅਤੇ ਸਿੱਖਸ ਫਾਰ ਜਸਟਿਸ ਪੰਜਾਬ ਬਾਰੇ ਵਿਦੇਸ਼ਾਂ ਵਿੱਚ ਮਾੜਾ ਪ੍ਰਚਾਰ ਕਰਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਿੱਝਰ ਭਾਰਤ ਵਿੱਚ ਲੋੜੀਂਦਾ ਹੈ, ਕਿਉਂਕਿ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਕੈਂਪ ਚਲਾ ਰਿਹਾ ਹੈ ਤੇ ਭਾਰਤ ਵਿੱਚ ਟਾਰਗੇਟ ਕਿਲਿੰਗ ਵਿੱਚ ਵੀ ਉਸ ਦਾ ਹੱਥ ਹੈ।

# ਮੋਟਰ ਸਾਈਕਲ ਸਵਾਰਾਂ ਨੇ ਦੋ ਲੜਕੀਆਂ ਉੱਤੇ ਤੇਜ਼ਾਬ ਸੁੱਟਿਆ

ਲੁਧਿਆਣਾ, 28 ਅਪ੍ਰੈਲ (ਪੋਸਟ ਬਿਊਰੋ)- ਸਥਾਨਕ ਕੋਟ ਮੰਗਲ ਸਿੰਘ ਇਲਾਕੇ ਵਿੱਚ ਕੱਲ੍ਹ ਸ਼ਾਮ ਦੋ ਮੋਟਰ ਸਾਈਕਲ ਸਵਾਰ ਨੌਜਵਾਨ ਦੋ ਲੜਕੀਆਂ ਉੱਤੇ ਤੇਜ਼ਾਬ ਸੁੱਟ ਕੇ ਫਰਾਰ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਦੋਵੇਂ ਲੜਕੀਆਂ ਆਪਸ ਵਿੱਚ ਸਹੇਲੀਆਂ ਸਨ ਅਤੇ ਪੈਦਲ ਕੋਟ ਮੰਗਲ ਸਿੰਘ ਇਲਾਕੇ ਵਿੱਚ ਜਾ ਰਹੀਆਂ ਸਨ। ਇਨ੍ਹਾਂ 'ਚੋਂ ਇੱਕ ਲੜਕੀ ਦਰੇਸੀ ਇਲਾਕੇ ਦੀ ਰਹਿਣ ਵਾਲੀ ਤੇ ਦੂਸਰੀ ਲੜਕੀ ਕੋਟ ਮੰਗਲ ਸਿੰਘ ਵਿੱਚ ਰਹਿੰਦੀ ਹੈ। ਦਰੇਸੀ ਇਲਾਕੇ ਵਾਲੀ ਲੜਕੀ ਕੱਲ੍ਹ ਆਪਣੀ ਸਹੇਲੀ ਨੂੰ ਮਿਲਣ ਲਈ ਆਈ ਸੀ, ਜੋ ਇੱਕ ਕੰਪਨੀ ਵਿੱਚ ਨੌਕਰੀ ਕਰਦੀ ਹੈ ਅਤੇ ਉਸ ਨੂੰ ਵੀ ਨੌਕਰੀ ਲਗਵਾਉਣ ਲਈ ਕਿਹਾ ਸੀ ਜਿਸ 'ਤੇ ਇਹ ਦੋਵੇਂ ਲੜਕੀਆਂ ਨੌਕਰੀ ਦੇ ਸਿਲਸਿਲੇ ਵਿੱਚ ਇੱਕ ਵਿਅਕਤੀ ਨੂੰ ਮਿਲਣ ਜਾ ਰਹੀਆਂ ਸਨ। ਦੋਵੇਂ ਲੜਕੀਆਂ ਘਰ ਤੋਂ ਬਾਹਰ ਨਿਕਲ ਕੇ ਆਈਆਂ ਤਾਂ ਕੁਝ ਦੂਰੀ 'ਤੇ ਦੋ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਾਬ ਸੁੱਟ ਦਿੱਤਾ ਤੇ ਫਰਾਰ ਹੋ ਗਏ। ਰੌਲਾ ਸੁਣ ਕੇ ਉਥੇ ਲੋਕ ਇਕੱਠੇ ਹੋ ਗਏ ਅਤੇ ਦੋਵਾਂ ਲੜਕੀਆਂ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਅਨੁਸਾਰ ਦੋਵਾਂ ਲੜਕੀਆਂ ਦੇ ਮੂੰਹ ਅਤੇ ਸਰੀਰ ਦੇ ਹੋਰ ਅੰਗ ਝੁਲਸ ਗਏ ਹਨ।

ਸੂਚਨਾ ਮਿਲਦਿਆਂ ਸਾਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅੱਖੀਂ ਦੇਖਣ ਵਾਲੇ ਲੋਕਾਂ ਮੁਤਾਬਕ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਆਪਣੇ ਚਿਹਰੇ ਢਕੇ ਹੋਏ ਸਨ। ਇਹ ਨੌਜਵਾਨ ਪਿਛਲੇ ਕੁਝ ਸਮੇਂ ਤੋਂ ਲੜਕੀਆਂ ਦਾ ਪਿੱਛਾ ਕਰ ਰਹੇ ਸਨ ਤੇ ਲਗਾਤਾਰ ਹਾਰਨ ਵਜਾ ਰਹੇ ਸਨ, ਜਦੋਂ ਲੜਕੀਆਂ ਦੇ ਨੇੜੇ ਪਹੁੰਚੇ ਤਾਂ ਉਨ੍ਹਾਂ 'ਤੇ ਤੇਜ਼ਾਬ ਸੁੱਟ ਕੇ ਫਰਾਰ ਹੋ ਗਏ।

# ਮਾਲੇਗਾਉਂ ਧਮਾਕਾ ਕੇਸ 'ਚ ਸਾਧਵੀ ਪ੍ਰਗਿਆ ਦਾ ਇਕ ਹੋਰ ਸਾਥੀ ਚੋਣ ਲੜਨ ਲੱਗਾ

ਨਵੀਂ ਦਿੱਲੀ, 28 ਅਪਰੈਲ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਦੇ ਪਾਰਲੀਮੈਂਟ ਹਲਕੇ ਲਈ ਭਾਜਪਾ ਵੱਲੋਂ ਸਾਧਵੀ ਪ੍ਰੱਗਿਆ ਸਿੰਘ ਠਾਕੁਰ ਨੂੰ ਉਮੀਦਵਾਰ ਬਣਾਏ ਜਾਣ ਪਿੱਛੋਂ ਮਾਲੇਗਾਉਂ ਧਮਾਕਾ ਕੇਸ ਦਾ ਇਕ ਦੋਸ਼ੀ ਉੱਤਰ ਪ੍ਰਦੇਸ਼ ਦੇ ਬਲੀਆ ਤੋਂ ਚੋਣ ਲੜਨ ਲੱਗਾ ਹੈ। ਇਸ ਕੇਸ ਦੇ ਦੋਸ਼ੀ ਮੇਜਰ ਰਮੇਸ਼ ਉਪਾਧਿਆਏ ਨੇ ਸ਼ੁੱਕਰਵਾਰ ਹਿੰਦੂ ਮਹਾ ਸਭਾ ਵੱਲੋਂ ਉਤਰ ਪ੍ਰਦੇਸ਼ ਦੇ ਬਲੀਆ ਤੋਂ ਆਪਣੇ ਨਾਮਜ਼ਦਗੀ ਕਾਗਜ਼ ਪੇਸ਼ ਕੀਤੇ ਹਨ।

ਸਾਧਵੀ ਪ੍ਰੱਗਿਆ ਠਾਕੁਰ ਦੇ ਸਾਥੀ ਮੇਜਰ ਉਪਾਧਿਆਏ ਨੇ ਆਪਣੇ ਕਾਗਜ਼ ਪੇਸ਼ ਕਰਨ ਮੌਕੇ ਪ੍ਰਗਿਆ ਠਾਕਰ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਅਤਿਵਾਦੀਆਂ ਹੱਥੋਂ ਮਾਰੇ ਗਏ ਮੁੰਬਈ ਦੇ ਸੀਨੀਅਰ ਪੁਲਸ ਅਫਸਰ ਹੇਮੰਤ ਕਰਕਰੇ ਵਿਰੁੱਧ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ। ਉਸ ਨੇ ਕਿਹਾ ਕਿ ਇਹ ਕੇਸ ਹੇਮੰਤ ਕਰਕਰੇ ਦੀ ਨਾਲਾਇਕੀ ਦਾ ਸਭ ਤੋਂ ਵੱਡਾ ਸਬੂਤ ਸੀ। ਮੇਜਰ ਉਪਾਧਿਆਏ ਨੇ ਕਿਹਾ ਕਿ ਕੋਈ ਪੁਲਿਸ ਵਾਲਾ ਮਰੇ ਤਾਂ ਉਹ ਸ਼ਹੀਦ ਨਹੀਂ ਕਿਹਾ ਜਾ ਸਕਦਾ, ਸ਼ਹੀਦ ਸਿਰਫ ਅਜ਼ਾਦੀ ਘੁਲਾਟੀਏ ਤੇ ਫੌਜੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਵਾਲੇ ਕਦੇ ਸ਼ਹੀਦ ਨਹੀਂ ਹੁੰਦੇ। ਮੇਜਰ ਉਪਾਧਿਆਏ ਨੇ ਦੋਸ਼ ਲਾਇਆ ਹੈ ਕਿ ਕਰਕਰੇ ਨੇ ਪ੍ਰੱਗਿਆ ਸਿੰਘ ਠਾਕੁਰ ਨੂੰ ਕੁੱਟਿਆ ਸੀ ਤੇ ਸਾਨੂੰ ਸਭ ਨੂੰ ਤਸੀਹੇ ਦਿੱਤੇ ਸਨ। ਉਸ ਨੇ ਕਿਹਾ ਕਿ 12 ਦੋਸ਼ੀਆਂ ਵਿਚੋਂ 11 ਜਣੇ ਠੀਕ ਤਰ੍ਹਾਂ ਚੱਲ-ਫਿਰ ਨਹੀਂ ਸਕਦੇ, ਪ੍ਰੱਗਿਆ ਠਾਕੁਰ ਵੀ ਵ੍ਹੀਲ ਚੇਅਰ ਉੱਤੇ ਚਲਦੀ ਹੈ ਅਤੇ ਇਹ ਇਸੇ ਗੱਲ ਦਾ ਸਬੂਤ ਹੈ ਕਿ ਉਸ ਉੱਤੇ ਤਸ਼ੱਦਦ ਹੋਇਆ ਸੀ। ਇਸ ਮੌਕੇ ਮੇਜਰ ਉਪਾਧਿਆਏ ਨੇ ਓਦੋਂ ਦੀਆਂ ਘਟਨਾਵਾਂ ਲਈ ਓਦੋਂ ਦੀ ਸਰਕਾਰ ਨੂੰ ਜ਼ਿੰਮੇਦਾਰ ਠਹਿਰਾਇਆ ਅਤੇ ਕਿਹਾ ਕਿ ਉਨ੍ਹਾਂ ਦੇ ਖਿਲਾਫ ਇਹ ਕਾਰਵਾਈ ਓਦੋਂ ਦੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਅਹਿਮਦ ਪਟੇਲ, ਪੀ ਚਿਦੰਬਰਮ, ਸੁਸ਼ੀਲ ਕੁਮਾਰ ਸ਼ਿੰਦੇ ਅਤੇ ਹੋਰ ਕਈ ਨੇਤਾਵਾਂ ਦੇ ਕਹਿਣ ਉੱਤੇ ਹੋ ਰਹੀ ਸੀ।


AZ ਡਰਾਇਵਰਾਂ ਦੀ ਲੋੜ ਹੈ

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ



ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715


# ਤਰਕਸ਼ੀਲਾਂ ਦੇ ਕਤਲਾਂ ਦੀ ਬੇਰੋਕ ਜਾਂਚ ਕਰਨ ਲਈ ਹਾਈ ਕੋਰਟ ਨੇ ਕਿਹਾ

ਮੁੰਬਈ, 28 ਅਪ੍ਰੈਲ (ਪੋਸਟ ਬਿਊਰੋ)- ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਨੇਤਾਵਾਂ ਨੂੰ ਬੰਬੇ ਹਾਈ ਕੋਰਟ ਨੇ ਕਿਹਾ ਹੈ ਕਿ ਉਹ ਪਰਿਪੱਕਤਾ ਦਿਖਾਉਣ ਅਤੇ ਨਰਿੰਦਰ ਦਾਭੋਲਕਰ ਤੇ ਗੋਵਿੰਦ ਪਨਸਾਰੇ ਦੇ ਕਤਲਾਂ ਜਾਂਚ ਦੀ ਬਿਨਾਂ ਰੁਕਾਵਟ ਯਕੀਨੀ ਬਣਾਉਣ। ਜਸਟਿਸ ਐਸ ਸੀ ਧਰਮਾਧਿਕਾਰੀ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਕਿਹਾ ਕਿ 'ਅਸੰਤੋਸ਼ ਦੀ ਆਵਾਜ਼' ਦਬਾਈ ਨਹੀਂ ਜਾਣੀ ਚਾਹੀਦੀ।



ਦਾਭੋਲਕਰ ਅਤੇ ਪਨਸਾਰੇ ਦੇ ਪਰਵਾਰਕ ਮੈਂਬਰਾਂ ਵੱਲੋਂ ਹਾਈ ਕੋਰਟ ਦੀ ਨਿਗਰਾਨੀ 'ਚ ਜਾਂਚ ਦੀ ਮੰਗ ਵਾਲੀ ਅਪੀਲ 'ਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਟਿੱਪਣੀ ਕੀਤੀ ਹੈ।

ਅੰਧ ਵਿਸ਼ਵਾਸ ਵਿਰੋਧੀ ਸਮਾਜ ਸੇਵੀ ਵਰਕਰ ਨਰਿੰਦਰ ਦਾਭੋਲਕਰ ਦਾ 20 ਅਗਸਤ 2013 ਨੂੰ ਪੁਣੇ 'ਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਅਤੇ ਸੀ ਪੀ ਆਈ ਨੇਤਾ ਅਤੇ ਤਰਕਸ਼ੀਲ ਗੋਵਿੰਦ ਪਨਸਾਰੇ ਨੂੰ ਮਹਾਰਾਸ਼ਟਰ ਰਾਜ ਦੇ ਕੋਲਹਾਪੁਰ ਵਿੱਚ ਉਨ੍ਹਾਂ ਦੇ ਘਰ ਨੇੜੇ 16 ਫਰਵਰੀ 2015 ਨੂੰ ਗੋਲੀ ਮਾਰੀ ਗਈ ਸੀ। ਚਾਰ ਦਿਨ ਬਾਅਦ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ। ਨਰਿੰਦਰ ਦਾਭੋਲਕਰ ਦੀ ਹੱਤਿਆ ਦੀ ਜਾਂਚ ਸੀ ਬੀ ਆਈ ਅਤੇ ਪਨਸਾਰੇ ਦੀ ਹੱਤਿਆ ਦੀ ਜਾਂਚ ਇਸ ਰਾਜ ਦੀ ਸੀ ਆਈ ਡੀ ਕਰ ਰਹੀ ਹੈ। ਹਾਈ ਕੋਰਟ ਨੇ ਕੱਲ੍ਹ ਕਿਹਾ ਕਿ ਸੂਬਾ ਸਰਕਾਰ ਨੂੰ ਜਾਂਚ ਲਈ ਸਾਰੇ ਬੁਨਿਆਦੀ ਸਹਿਯੋਗ ਦੇਣ ਲਈ ਕੰਮ ਕਰਨਾ ਚਾਹੀਦਾ ਹੈ। ਜਸਟਿਸ ਧਰਮਾਧਿਕਾਰੀ ਨੇ ਕਿਹਾ ਕਿ ਕਿਸੇ ਨੂੰ ਵੀ ਵਿਰੋਧ ਦੀ ਆਵਾਜ਼ ਨੂੰ ਦੱਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਅਸੀਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਨੇਤਾਵਾਂ ਤੋਂ ਪਰਿਪੱਕਤਾ ਦਿਖਾਉਣ ਅਤੇ ਜਾਂਚ ਵਿੱਚ ਰੁਕਾਵਟ ਨਾ ਪਾਉਣ ਦੀ ਆਸ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ, ਜਿਹੜੀਆਂ ਅਜੇ ਸੱਤਾ ਵਿੱਚ ਹਨ ਜਾਂ ਭਵਿੱਖ 'ਚ ਸੱਤਾ 'ਚ ਆਉਂਦੀਆਂ ਹਨ, ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਹਮਲਿਆਂ 'ਚ ਸ਼ਾਮਲ ਕੋਈ ਵੀ ਸੰਗਠਨ ਜਾਂ ਵਿਅਕਤੀ ਬਚ ਨਾ ਸਕੇ। ਅਦਾਲਤ ਨੇ ਮਹਾਰਾਸ਼ਟਰ ਦੇ ਗ੍ਰਹਿ ਵਿਭਾਗ ਦੇ ਨਾਲ ਚੀਫ ਸੈਕਟਰੀ ਅਤੇ ਹੋਰ ਵਿਭਾਗਾਂ ਦੇ ਪ੍ਰਿੰਸੀਪਲ ਸੈਕਟਰੀਆਂ ਨੂੰ ਸੀ ਬੀ ਆਈ ਅਤੇ ਸੀ ਆਈ ਡੀ ਨਾਲ ਬੈਠਕਾਂ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ।


Beauty Parlour ਲਈ ਲੜਕੀਆਂ ਦੀ ਲੋੜ ਹੈ

Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

Off: 905-814-7400
Ph: 416-566-9678



V4U LOGISTIC INC.
Delivering "Satisfaction" ... On Time Every Time

NOW HIRING
A/Z Drivers Needed
For Canada To US Runs

Local City Drivers @ 22/hr

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile

- Disability Insurance
- Travel Insurance
- Medical Benefits
- Dental Benefits



ਪਰਗਟ ਸਿੰਘ ਨੂੰ ਫੋਨ ਕਰੋ:
416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS


Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work



7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜੀ ਪੀਜ਼ਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ਼ ਵਰਕਰ ਦੀ ਜ਼ਰੂਰਤ ਹੈ। ਫੁੱਲ ਟਾਈਮ ਜੌਬ ਹੈ ਅਤੇ ਨਾਲ ਹੀ ਪੀਜ਼ਾ ਡਿਲਵਰੀ PART TIME ਡਰਾਇਵਰਾਂ ਦੀ ਜ਼ਰੂਰਤ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE T EMS · CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

BRITANNIA AUTO BODY
We deal with All Major Insurance companies



401 & Dixie Rd Call: 416.671.7252
6087 Netherhart Rd, #1 & 2, Mississauga, ON L5T 1G5

ਟਰੱਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



RESIDENTIAL - COMMERCIAL PROPERTY - INDUSTRIAL



For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## ਕਮਿਸ਼ਨਰ ਦੀ ਗੱਡੀ ਦੀ ਟੱਕਰ ਨਾਲ ਇੱਕ ਦੀ ਮੌਤ

ਭੁੱਚੋ ਮੰਡੀ, 28 ਅਪ੍ਰੈਲ (ਪੋਸਟ ਬਿਊਰੋ)- ਫਰੀਦਕੋਟ ਡਵੀਜ਼ਨ ਕਮਿਸ਼ਨਰ ਹਰਜੀਤ ਸਿੰਘ ਦੀ ਤੇਜ਼ ਰਫਤਾਰ ਗੱਡੀ ਵੱਲੋਂ ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇ ਉੱਤੇ ਪਿੰਡ ਲਹਿਰਾ ਬੇਗਾ ਕੋਲ ਟੱਕਰ ਮਾਰਨ ਨਾਲ ਇੱਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ ਤੇ ਦੂਜਾ ਜ਼ਖਮੀ ਹੋ ਗਿਆ। ਮ੍ਰਿਤਕ ਦੀ ਪਛਾਣ ਉਮੇਸ਼ ਕੁਮਾਰ ਵਾਸੀ ਬਠਿੰਡਾ ਤੇ ਜ਼ਖਮੀ ਦੀ ਸੁਰਜੀਤ ਸਿੰਘ ਵਾਸੀ ਲਹਿਰਾ ਬੇਗ ਵਜੋਂ ਹੋਈ ਹੈ। ਉਮੇਸ਼ ਕੁਮਾਰ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਵਿੱਚ ਮਾਲੀ ਤੇ ਸੁਰਜੀਤ ਸਿੰਘ ਸਕਿਓਰਿਟੀ ਗਾਰਡ ਦਾ ਕੰਮ ਕਰਦਾ ਸੀ। ਹਾਦਸੇ ਤੋਂ ਭੜਕੇ ਲੋਕਾਂ ਨੇ ਸੜਕ 'ਤੇ ਲਾਸ਼ ਰੱਖ ਕੇ ਜਾਮ ਲਾ ਦਿੱਤਾ ਅਤੇ ਪੁਲਸ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕੀਤੀ।

ਇਸ ਦੇ ਬਾਅਦ ਜ਼ਿਲ੍ਹਾ ਪੁਲਸ ਮੁਖੀ ਨਾਨਕ ਸਿੰਘ, ਐੱਸ ਡੀ ਐੱਮ ਅਮਰਿੰਦਰ ਸਿੰਘ ਟਿਵਾਣਾ ਹੋਰ ਅਫਸਰਾਂ ਨੇ ਪੀੜਤ ਪਰਵਾਰ ਅਤੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰ ਕੇ ਮੁਲਜ਼ਮਾਂ ਖਿਲਾਫ ਕਾਰਵਾਈ ਦਾ ਭਰੋਸਾ ਦਿੱਤਾ। ਗੁੱਸੇ ਵਿੱਚ ਆਏ ਲੋਕ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਅੜੇ ਹੋਏ ਸਨ। ਪ੍ਰਤੱਖ ਦਰਸ਼ੀ ਅਨੁਸਾਰ ਕਮਿਸ਼ਨਰ ਦੀ ਇਨੋਵਾ ਗੱਡੀ ਕਾਫੀ ਤੇਜ਼ ਰਫਤਾਰ ਨਾਲ ਰਾਮਪੁਰਾ ਤੋਂ ਬਠਿੰਡਾ ਵੱਲ ਜਾ ਰਹੀ ਸੀ। ਇਸ ਦੌਰਾਨ ਕਾਰ ਨੇ ਸੜਕ ਤੋਂ ਕਰੀਬ 20 ਫੁੱਟ ਦੂਰ ਕਾਲਜ ਅੱਗੇ ਖੜ੍ਹੇ ਦੋ ਵਿਅਕਤੀਆਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਬੇਕਾਬੂ ਗੱਡੀ ਇੱਕ ਟਿੱਬੇ 'ਤੇ ਚੜ੍ਹਨ ਮਗਰੋਂ ਪਲਟ ਕੇ ਡਿੱਗ ਪਈ। ਇਸ ਵਿੱਚ ਸਵਾਰ ਕਮਿਸ਼ਨਰ ਹਰਜੀਤ ਸਿੰਘ ਵੀ ਜ਼ਖਮੀ ਹੋ ਗਏ ਉਨ੍ਹਾਂ ਨੂੰ ਫਰੀਦਕੋਟ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ। ਹਾਦਸੇ 'ਚ ਸੁਰਜੀਤ ਸਿੰਘ ਦੀਆਂ ਲੱਤਾਂ-ਬਾਹਾਂ ਟੁੱਟ ਗਈਆਂ ਹਨ ਅਤੇ ਉਸ ਨੂੰ ਬਠਿੰਡਾ ਦੇ ਹਸਪਤਾਲ ਦਾਖਲ ਕਰਾਇਆ ਗਿਆ। ਮ੍ਰਿਤਕ ਦੀ ਪਤਨੀ ਨੇ ਦੱਸਿਆ ਕਿ ਉਸ ਦੇ ਚਾਰ ਧੀਆਂ ਹਨ ਤੇ ਬੇਟਾ ਛੋਟਾ ਹੈ। ਘਰ ਵਿੱਚ ਕੋਈ ਕੰਮ ਕਰਨ ਵਾਲਾ ਨਹੀਂ।

## ਨਾਮਜ਼ਦਗੀ ਦੇ ਕਾਗਜ਼ ਭਰਨੋਂ ਪਹਿਲਾਂ ਨਰਿੰਦਰ ਮੋਦੀ ਨੇ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾਏ

ਵਾਰਾਨਸੀ, 28 ਅਪਰੈਲ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵਾਰਾਨਸੀ ਵਾਲੇ ਲੋਕ ਸਭਾ ਹਲਕੇ ਤੋਂ ਆਪਣੇ ਨਾਮਜ਼ਦਗੀ ਦਾਖ਼ਲ ਕਰਵਾ ਦਿੱਤੇ ਹਨ। ਇਸ ਮੌਕੇ ਭਾਜਪਾ ਦੇ ਲਗਪਗ ਸਾਰੇ ਵੱਡੇ ਲੀਡਰਾਂ ਨਾਲ ਐੱਨ ਡੀ ਏ ਦੀਆਂ ਸਾਥੀ ਪਾਰਟੀਆਂ ਦੇ ਆਗੂ ਵੀ ਮੌਜੂਦ ਸਨ। ਸ਼ੁੱਕਰਵਾਰ ਨੂੰ ਨਾਮਜ਼ਦਗੀ ਭਰਨ ਲਈ ਤੁਰਨ ਤੋਂ ਪਹਿਲਾਂ ਮੋਦੀ ਸਾਰੇ ਲੀਡਰਾਂ ਨੂੰ ਮਿਲੇ ਤੇ ਉਨ੍ਹਾਂ ਨੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾਇਆ। ਸਾਰੇ ਉਤਰਾਅ-ਚੜ੍ਹਾਅ ਦੌਰਾਨ ਅਕਾਲੀ ਦਲ ਅਟਲ ਬਿਹਾਰੀ ਵਾਜਪਾਈ ਦੇ ਵੇਲੇ ਤੋਂ ਐੱਨ ਡੀ ਏ ਗੱਠਜੋੜ ਦਾ ਹਿੱਸਾ ਰਿਹਾ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਮਹਾਰਾਸ਼ਟਰ ਤੋਂ ਸ਼ਿਵ ਸੈਨਾ ਮੁਖੀ ਊਧਵ ਠਾਕਰੇ, ਕੇਂਦਰ ਦੀ ਐੱਨ ਡੀ ਏ ਸਰਕਾਰ ਦੇ ਸਹਿਯੋਗੀ ਲੋਕ ਜਨਸ਼ਕਤੀ ਪਾਰਟੀ ਦੇ ਮੁਖੀ ਰਾਮਵਿਲਾਸ ਪਾਸਵਾਨ ਵੀ ਓਥੇ ਮੌਜੂਦ ਸਨ। ਵਰਨਣ ਯੋਗ ਹੈ ਕਿ ਕੌਮੀ ਜਮਹੂਰੀ ਗਠਜੋੜ (ਐੱਨ ਡੀ ਏ) 1998 ਵਿਚ ਬਣਾਇਆ ਗਿਆ ਸੀ ਤੇ ਓਦੋਂ



ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਪਹਿਲੀ ਵਾਰ ਕੇਂਦਰ ਸਰਕਾਰ ਬਣੀ ਸੀ, ਜੋ ਇੱਕੋ ਸਾਲ ਵਿਚ ਡਿੱਗ ਕੇ ਦੋਬਾਰਾ ਬਣੀ ਤਾਂ ਪੰਜ ਸਾਲ ਰਹੀ ਸੀ। ਅੱਜ ਇਸ ਗੱਠਜੋੜ ਵਿਚ ਸ਼ਿਵ ਸੈਨਾ, ਲੋਕ ਜਨਸ਼ਕਤੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਜਨਤਾ ਦਲ (ਯੂ), ਅੰਨਾ ਡੀ ਐੱਮ ਕੇ ਅਤੇ ਡੀ ਐੱਮ ਡੀ ਕੇ ਆਦਿ ਕੁੱਲ 37 ਧਿਰਾਂ ਸ਼ਾਮਲ ਹਨ।

ਦੂਸਰੇ ਪਾਸੇ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ ਪੀ ਏ) ਕਾਂਗਰਸ ਦੀ ਅਗਵਾਈ ਵਿਚ 2004 ਦੀਆਂ ਪਾਰਲੀਮੈਂਟ ਚੋਣਾਂ ਦੇ ਨਤੀਜੇ ਪਿੱਛੋਂ ਬਣਿਆ ਸੀ। ਫਿਰ ਯੂ ਪੀ ਏ ਗੱਠਜੋੜ 2009 ਵਿਚ ਦੋਬਾਰਾ ਚੋਣਾਂ ਜਿੱਤ ਕੇ ਸੱਤਾ ਵਿਚ ਆਇਆ ਅਤੇ 2014 ਤਕ ਉਸ ਦੀ ਸਰਕਾਰ ਰਹੀ ਸੀ। ਇਸ ਵਕਤ ਐੱਨ ਸੀ ਪੀ, ਰਾਸ਼ਟਰੀ ਜਨਤਾ ਦਲ, ਐਲ ਜੇ ਪੀ, ਐੱਲ ਜੇ ਡੀ, ਡੀ ਐੱਮ ਕੇ, ਐੱਮ ਡੀ ਐੱਮ ਕੇ, ਝਾਰਖੰਡ ਮੁਕਤੀ ਮੋਰਚਾ ਆਦਿ ਕਰੀਬ 28 ਧਿਰਾਂ ਕਾਂਗਰਸ ਦੇ ਨਾਲ ਹਨ। ਐੱਨ ਡੀ ਏ ਅਤੇ ਯੂ ਪੀ ਏ ਵਾਲੇ ਦੋਵਾਂ ਗੱਠਜੋੜਾਂ ਤੋਂ ਬਿਨਾ ਇਸ ਵੇਲੇ ਦੇਸ਼ ਵਿਚ ਮਹਾਗਠਜੋੜ ਦੇ ਰੂਪ ਵਿੱਚ ਤੀਸਰਾ ਮੋਰਚਾ ਵੀ ਹੈ, ਜਿਸ ਵਿਚ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰ, ਤੇਲਗੂ ਦੇਸਮ, ਬੀਜੂ ਜਨਤਾ ਦਲ, ਖੱਬੇ ਪੱਖੀ ਸ਼ਾਮਲ ਹਨ। 2014 ਵਿਚ ਇਨ੍ਹਾਂ ਨੇ ਮਿਲ ਕੇ 84 ਸੀਟਾਂ ਜਿੱਤੀਆਂ ਸਨ।

## ਹਰਸਿਮਰਤ ਕੋਲ ਮਹਿਲਾ ਪਾਰਲੀਮੈਂਟ ਮੈਂਬਰਾਂ ਵਿਚੋਂ ਸਭ ਤੋਂ ਵੱਧ ਗਹਿਣੇ

ਬਠਿੰਡਾ, 28 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟਰੀ ਹਲਕਾ ਬਠਿੰਡਾ ਤੋਂ ਅਕਾਲੀ ਉਮੀਦਵਾਰ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਕੋਲ ਏਨੇ ਗਹਿਣੇ ਹਨ ਕਿ ਪੰਡ ਬੰਨ੍ਹੀ ਜਾ ਸਕਦੀ ਹੈ। ਸਾਰੇ ਦੇਸ਼ ਵਿੱਚੋਂ ਬੀਬੀ ਬਾਦਲ ਦੇ ਗਹਿਣਿਆਂ ਦੀ ਪੰਡ ਭਾਈ ਸਮਝੀ ਜਾ ਰਹੀ ਹੈ। ਇਸ ਵਾਰੀ ਸਾਰੇ ਦੇਸ਼ ਵਿੱਚ 449 ਮਹਿਲਾ ਉਮੀਦਵਾਰਾਂ ਨੇ ਕਾਗਜ਼ ਭਰੇ ਹਨ, ਸੱਤ ਮਹਿਲਾ ਵਜ਼ੀਰ ਵੀ ਹਨ, ਪਰ ਗਹਿਣਿਆਂ ਦੇ ਮਾਮਲੇ ਵਿੱਚ ਬੀਬੀ



ਬਾਦਲ ਦੇ ਨੇੜੇ ਤੇੜੇ ਕੋਈ ਨਹੀਂ।

ਮਿਲੀ ਜਾਣਕਾਰੀ ਅਨੁਸਾਰ ਮੌਜੂਦਾ ਲੋਕ ਸਭਾ ਵਿੱਚ ਕੁੱਲ 66 ਮਹਿਲਾ ਮੈਂਬਰ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਗਹਿਣੇ ਬੀਬੀ ਬਾਦਲ ਦੇ ਕੋਲ ਹਨ ਅਤੇ ਇਹ 7.03 ਕਰੋੜ ਰੁਪਏ ਮੁੱਲ ਦੇ ਹਨ, ਜਿਨ੍ਹਾਂ ਵਿੱਚ ਸੋਨਾ, ਚਾਂਦੀ, ਸਟੋਨ ਅਤੇ ਡਾਇਮੰਡ ਸ਼ਾਮਲ ਹਨ। ਬੀਬੀ ਬਾਦਲ ਨੇ ਕੁਝ ਗਹਿਣੇ ਖਰੀਦੇ ਅਤੇ ਕੁਝ ਵਿਰਾਸਤ ਵਿੱਚ ਮਿਲੇ ਹਨ। ਇਸ ਦੇ ਮੁਕਾਬਲੇ ਬੀਬੀ ਬਾਦਲ ਦੇ ਪਤੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਸਿਰਫ 9 ਲੱਖ ਰੁਪਏ ਦੇ ਗਹਿਣੇ ਹਨ। ਜਦੋਂ ਬੀਬੀ ਬਾਦਲ ਪਹਿਲੀ ਵਾਰ 2009 ਵਿੱਚ ਪਾਰਲੀਮੈਂਟ ਮੈਂਬਰ ਬਣੇ ਤਾਂ ਉਦੋਂ ਉਨ੍ਹਾਂ ਕੋਲ 1.94 ਕਰੋੜ ਰੁਪਏ ਦੇ ਗਹਿਣੇ ਸਨ, ਜਿਸ ਵਿੱਚ 14.93 ਕਿਲੋ ਸੋਨਾ ਅਤੇ ਚਾਂਦੀ ਸ਼ਾਮਲ ਸਨ। ਮੋਟੇ ਅੰਦਾਜ਼ੇ ਅਨੁਸਾਰ ਇਸ ਵੇਲੇ ਉਨ੍ਹਾਂ ਦੇ ਕੋਲ ਕਰੀਬ 21.50 ਕਿਲੋ ਸੋਨਾ/ਚਾਂਦੀ ਆਦਿ ਹਨ। ਪਤਾ ਲੱਗਾ ਹੈ ਕਿ ਚੰਡੀਗੜ੍ਹ ਤੋਂ ਭਾਜਪਾ ਉਮੀਦਵਾਰ ਕਿਰਨ ਖੇਰ ਨੂੰ ਗਹਿਣਿਆਂ ਦਾ ਕਾਫੀ ਸ਼ੌਕ ਹੈ ਅਤੇ ਉਹ ਵੀ ਇਸ ਪੱਖ ਤੋਂ ਹਰਸਿਮਰਤ ਕੌਰ ਦੇ ਨੇੜੇ ਨਹੀਂ ਪੁੱਜਦੇ। ਕਿਰਨ ਖੇਰ ਦੇ ਕੋਲ ਇਸ ਵੇਲੇ 4.64 ਕਰੋੜ ਰੁਪਏ ਦੇ ਗਹਿਣੇ ਹਨ, ਜਿਨ੍ਹਾਂ ਵਿਚ 16 ਕਿਲੋ ਸੋਨਾ ਹੈ। ਕੇਂਦਰੀ ਵਜ਼ੀਰਾਂ ਵਿੱਚੋਂ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਕੋਲ 7.87 ਲੱਖ ਰੁਪਏ ਦੇ ਅਤੇ ਅਨੁਪ੍ਰਿਆ ਪਟੇਲ ਕੋਲ 4.80 ਲੱਖ ਰੁਪਏ ਦੇ ਗਹਿਣੇ ਹਨ। ਸਮ੍ਰਿਤੀ ਇਰਾਨੀ ਕੋਲ 12.36 ਲੱਖ ਰੁਪਏ ਅਤੇ ਮੇਨਕਾ ਗਾਂਧੀ ਕੋਲ 1.24 ਕਰੋੜ ਰੁਪਏ ਦੇ ਗਹਿਣੇ ਹਨ। ਯੂ ਪੀ ਏ ਦੀ ਚੇਅਰਪਰਸਨ ਸੋਨੀਆ ਗਾਂਧੀ ਕੋਲ ਸਿਰਫ 62 ਲੱਖ ਰੁਪਏ ਦੇ ਗਹਿਣੇ ਹਨ। ਉਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੀ ਪਾਰਲੀਮੈਂਟ ਮੈਂਬਰ ਨੂੰਹ ਡਿੰਪਲ ਯਾਦਵ ਦੇ ਕੋਲ 59 ਲੱਖ ਰੁਪਏ ਦੀ ਜਿਊਲਰੀ ਹੈ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈੱਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8



# Farecracker.com

Specially Negotiated Fares

30% DISCOUNT

# FLY CHEAPER!!!




## AIR CANADA

ਦੀਆਂ ਸਸਤੀਆਂ ਟਿਕਟਾਂ

-Non-stop flights to New Delhi
-Round trips

## Special Family Airfares Call us Anytime!

Please call us up and get a no obligatory Airfare Quote on our Business

*What's App no.*

**(732) 716-3555**

*or Call us on*

**(516) 207 1427**

*or Email us at*

**farecracker@gmail.com**

•India •Nepal •Srilanka
•Bangladesh •Pakistan
•Dubai •Abu Dhabi
•Riyadh •Europe •Bangkok
•Singapore •Kuala Lumpur
•Bali •Australia

ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ
ਦੀਆਂ ਟਿਕਟਾਂ ਤੇ ਭਾਰੀ ਛੋਟ
ਅੱਜ ਹੀ ਕਾਲ ਕਰੋ ਜਾਂ
*Online* ਚੈੱਕ ਕਰੋ:

*Farecracker.com*



Lufthansa AIR CANADA QATAR AIRWAYS American Airlines SWISS Alitalia

